ਸਾਂਝੀ ਸੋਚ
SANJHI SOCH
ਸਾਂਝੀ ਸੋਚ
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ
VOL-13 ISSUE 2548 | 7 August, 2026 Friday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ ਦੁਨੀਆਂ | +1 (209) 303-1260

ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

DOWNLOAD THE APP
NOW AVAILABLE ON
24x7
LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511

# ਇਜ਼ਰਾਇਲੀ ਪ੍ਰਧਾਨ ਮੰਤਰੀ ਨੇਤਨਯਾਹੂ ਨੇ ਪੀਐੱਮ ਮੋਦੀ ਨਾਲ ਫੋਨ 'ਤੇ ਕੀਤੀ ਗੱਲਬਾਤ

**ਨਵੀਂ ਦਿੱਲੀ ਸਾਂਝੀ ਸੋਚ ਬਿਊਰੋ**

ਇਜ਼ਰਾਇਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਅੱਜ ਯਾਨੀ ਕਿ ਵੀਰਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਫ਼ੋਨ 'ਤੇ ਗੱਲਬਾਤ ਕੀਤੀ। ਦੋਹਾਂ ਦੇਸ਼ਾਂ ਦੇ ਨੇਤਾਵਾਂ ਨੇ ਭਾਰਤ-ਇਜ਼ਰਾਇਲ ਵਿਸ਼ੇਸ਼ ਰਣਨੀਤਕ ਭਾਈਵਾਲੀ ਵਿੱਚ ਹੋ ਰਹੀ ਲਗਾਤਾਰ ਪ੍ਰਗਤੀ ਦੀ ਸਮੀਖਿਆ ਕੀਤੀ। ਇਸ ਦੇ ਨਾਲ ਹੀ ਦੋਹਾਂ ਦੇਸ਼ਾਂ ਦੇ ਆਪਸੀ ਲਾਭ ਲਈ ਵੱਖ-ਵੱਖ ਖੇਤਰਾਂ ਵਿੱਚ ਆਪਸੀ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਦੇ ਆਪਣੇ ਸੰਕਲਪ ਨੂੰ ਦੁਹਰਾਇਆ। ਪੀ.ਐੱਮ.ਓ ਨੇ ਇਸ ਦੀ ਜਾਣਕਾਰੀ ਦਿੱਤੀ ਹੈ।ਪ੍ਰਧਾਨ ਮੰਤਰੀ ਦਫ਼ਤਰ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅੱਜ ਇਜ਼ਰਾਇਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦਾ ਫ਼ੋਨ ਆਇਆ ਸੀ। ਦੋਹਾਂ ਨੇਤਾਵਾਂ ਨੇ ਭਾਰਤ-ਇਜ਼ਰਾਇਲ ਵਿਸ਼ੇਸ਼ ਰਣਨੀਤਕ ਭਾਈਵਾਲੀ ਵਿੱਚ ਹੋ ਰਹੀ ਲਗਾਤਾਰ ਤਰੱਕੀ ਦੀ ਸਮੀਖਿਆ ਕੀਤੀ ਅਤੇ ਦੋਹਾਂ ਦੇਸ਼ਾਂ ਦੇ ਆਪਸੀ ਫ਼ਾਇਦੇ ਲਈ ਵੱਖ-ਵੱਖ ਖੇਤਰਾਂ ਵਿੱਚ ਆਪਸੀ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਦੇ ਆਪਣੇ ਸੰਕਲਪ ਨੂੰ ਦੁਹਰਾਇਆ।ਇਸ ਦੇ ਨਾਲ ਹੀ ਪੀ.ਐੱਮ.ਓ. ਵੱਲੋਂ ਜਾਰੀ ਬਿਆਨ ਮੁਤਾਬਕ ਪ੍ਰਧਾਨ ਮੰਤਰੀ ਨੇਤਨਯਾਹੂ ਅਤੇ ਪ੍ਰਧਾਨ ਮੰਤਰੀ ਮੋਦੀ ਨੇ ਪੱਛਮੀ ਏਸ਼ੀਆ ਵਿੱਚ ਹਾਲੀਆ ਘਟਨਾਕ੍ਰਮ 'ਤੇ ਗੱਲਬਾਤ ਕੀਤੀ। ਦੋਵੇਂ ਨੇਤਾ ਲਗਾਤਾਰ ਸੰਪਰਕ ਵਿੱਚ ਰਹਿਣ ਲਈ ਸਹਿਮਤ ਹੋਏ।



Law Offices of
Ashwani K.Bhakhri
1299 Bayshore Hwy Suite 208
Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜ਼ਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com

LAMBA VIDEO
★ Weddings ★ Birthdays ★ Photo Shoots
HD Quality Wedding Videos
Pre Wedding Shoots
Packages fit to your budget
Contact: Barjesh 209-541-0641
Email: lambavideoproduction@yahoo.com

# ਫਲਾਈਟ ਦੇ ਈਂਧਨ ਵਿੱਚ ਵੀ ਈਥਾਨੌਲ ਮਿਲਾਏਗੀ ਸਰਕਾਰ?

**ਨਵੀਂ ਦਿੱਲੀ ਸਾਂਝੀ ਸੋਚ ਬਿਊਰੋ**

ਜਹਾਜ਼ ਦੇ ਈਂਧਨ ਯਾਨੀ ਏਵੀਏਸ਼ਨ ਟਰਬਾਈਨ ਫਿਊਲ ਵਿੱਚ ਈਥਾਨੌਲ ਮਿਲਾਉਣ ਦੀਆਂ ਖ਼ਬਰਾਂ ਨੂੰ ਖ਼ਾਰਜ ਕਰਦਿਆਂ ਸਰਕਾਰ ਨੇ ਇਸ ਨੂੰ ਅਫ਼ਵਾਹ ਕਰਾਰ ਦਿੱਤਾ ਹੈ। ਸਰਕਾਰ ਨੇ ਸਾਫ਼ ਕੀਤਾ ਹੈ ਕਿ ਉਸ ਦੀ ਏਵੀਏਸ਼ਨ ਟਰਬਾਈਨ ਫਿਊਲ ਵਿੱਚ ਈਥਾਨੌਲ ਮਿਲਾਉਣ ਦੀ ਕੋਈ ਯੋਜਨਾ ਨਹੀਂ ਹੈ। ਉਸ ਦਾ ਕਹਿਣਾ ਹੈ ਕਿ ਇਹ ਦਾਅਵਾ ਪੂਰੀ ਤਰ੍ਹਾਂ ਗ਼ਲਤ ਅਤੇ ਗ਼ੈਰ-ਜ਼ਿੰਮੇਵਾਰਾਨਾ ਹੈ। ਸਰਕਾਰ ਕੋਲ ਅਜਿਹਾ ਕੋਈ ਪ੍ਰਸਤਾਵ ਨਹੀਂ ਹੈ।ਦਰਅਸਲ ਕੁਝ ਸੋਸ਼ਲ ਮੀਡੀਆ ਪੋਸਟਾਂ ਵਿੱਚ ਦਾਅਵਾ ਕੀਤਾ ਜਾ ਰਿਹਾ ਸੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਅਠਫ ਵਿੱਚ ਵੀ ਈਥਾਨੌਲ ਮਿਲਾਉਣ ਦੀ ਯੋਜਨਾ ਬਣਾ ਰਹੀ ਹੈ। ਹਾਲਾਂਕਿ, ਹੁਣ ਸਰਕਾਰ ਵੱਲੋਂ ਇਸ ਨੂੰ ਸਿਰੇ ਤੋਂ ਖ਼ਾਰਜ ਕਰ ਦਿੱਤਾ ਗਿਆ ਹੈ।ਸਿਵਲ ਐਵੀਏਸ਼ਨ ਮਿਨਿਸਟਰ ਰਾਮ ਮੋਹਨ ਨਾਇਡੂ ਨੇ ਐਕਸ 'ਤੇ ਇੱਕ ਪੋਸਟ ਵਿੱਚ ਕਿਹਾ, 'ਈਥਾਨੌਲ ਅਤੇ ਸਸਟੇਨੇਬਲ ਐਵੀਏਸ਼ਨ ਫਿਊਲ ਪੂਰੀ ਤਰ੍ਹਾਂ ਵੱਖ-ਵੱਖ ਹਨ ਅਤੇ ਇਹਨਾਂ ਨੂੰ ਇੱਕ-ਦੂਜੇ ਨਾਲ ਨਹੀਂ ਮਿਲਾਉਣਾ ਚਾਹੀਦਾ। ਸ਼ਅਢ ਇੱਕ ਅੰਤਰਰਾਸ਼ਟਰੀ ਪੱਧਰ 'ਤੇ ਪ੍ਰਮਾਣਿਤ ਐਵੀਏਸ਼ਨ ਫਿਊਲ ਹੈ, ਜਿਸ ਨੂੰ ਇੰਟਰਨੈਸ਼ਨਲ ਸਿਵਲ ਐਵੀਏਸ਼ਨ ਆਰਗੇਨਾਈਜ਼ੇਸ਼ਨ ਨੇ ਮਾਨਤਾ ਦਿੱਤੀ ਹੈ ਅਤੇ ਇਸ ਨੂੰ ਦੁਨੀਆ ਭਰ ਵਿੱਚ ਅਪਣਾਇਆ ਗਿਆ ਹੈ। ਇਹ ਸਖ਼ਤ ਟੈਸਟਾਂ ਵਿੱਚੋਂ ਲੰਘਦਾ ਹੈ ਅਤੇ ਸੁਰੱਖਿਆ ਦੇ ਸਖ਼ਤ ਗਲੋਬਲ ਮਾਪਦੰਡਾਂ ਨੂੰ ਪੂਰਾ ਕਰਦਾ ਹੈ।'ਉਨ੍ਹਾਂ ਕਿਹਾ ਕਿ ਹਵਾਈ ਸੁਰੱਖਿਆ ਬਾਰੇ ਗ਼ਲਤ ਜਾਣਕਾਰੀ ਫੈਲਾਉਣ ਨਾਲ ਹਵਾਈ ਯਾਤਰੀਆਂ ਵਿੱਚ ਸਿਰਫ਼ ਬਿਨਾਂ ਵਜ੍ਹਾ ਚਿੰਤਾ ਪੈਦਾ ਹੁੰਦੀ ਹੈ। ਯਾਤਰੀਆਂ ਦੀ ਸੁਰੱਖਿਆ ਸਰਕਾਰ ਦੀ ਸਭ ਤੋਂ ਪਹਿਲੀ ਤਰਜੀਹ ਹੈ।



RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor ®
Contact : Cell (209) 550-1704
220 - A Standiford Ave, Modesto, CA 95350, kkaur@mycvre.com
EACH OFFICE IS INDEPENDENTLY OWNED AND OPERATED

Space availabe for Ad
Contact #
+1 (209) 303-1260

Space availabe for Ad
Contact #
+1 (209) 303-1260

THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Ph: (414) 551-0530
Simranveer Singh
Realtor
The JRP Group
DRE #02114137

Pal Films Production
All Your Photo/Videography & Post Production needs Under One Roof
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
Full Photo & Videography studio with Green Screen/Blue Screen
(925) 489-3400, (341) 356-1517
palfilms925@gmail.com
www.thepalfilms.com

# JRP REALTY GROUP

A TRADITION OF REAL ESTATE EXCELLENCE

## SERVING CALIFORNIA FOR COMMERCIAL REAL ESTATE NEEDS

Specializing in all Types of Commercial Proprtries

**Gas Stations, Apartments, Commercial Buildings, Liquor stores and Land**

CALL TODAY TO BUY/SELL YOUR REAL ESTATE/ BUSINESS



**Jaswant S.Pannu**
Office: 209-900-1994
Cell: 408-340-0157
jaswantpannu@yahoo.com



**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties

For more properties or business, contact us.






**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

# LENDINGASSETS

Elevating Your Mortgage Experience

## Home Loan ਘਰਾਂ ਦੇ ਲੋਨ


- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**



Apply online at www.lendingassets.com and check out the live lowest rates on our website


OPEN
NAV INDIAN MERCHANDISE
GROCERY STORE
3230 MITCHELL ROAD, STE, C, CERES, CA 95307
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ
ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ,
ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ,
ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ
ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੌਸਰੀ ਦੀ।
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ
ਬਨਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ
ਇੱਕ ਵਾਰ Visit ਜ਼ਰੂਰ ਕਰੋ।
Ria
MONEY TRANSFER
INDIA
ਪੈਸੇ ਭੇਜਣ ਲਈ
RIA MONEY TRANSFER ਦੀਆਂ
ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Contact Number
+1 (209) 537-5702

ਸਾਂਝੀ ਸੋਚ
SANJHI SOCH

www.sanjhisoch.com

PATTRON: HARJIT BASI

MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH

DAILY NEWSPAPER

2601 Oakdale Road,
Suite H2-167 Modesto,
CA 95355 USA

Cell: (209) 303-1260

Email: info@sanjhisoch.com

Visit at: www.sanjhisoch.com

# ਅਵਤਾਰ ਪੁਰਬ 'ਤੇ ਵਿਸ਼ੇਸ਼

# ਸ੍ਰੀ ਗੁਰੂ ਹਰਿਰਾਇ ਸਾਹਿਬ ਜੀ

ਸਤਵੀਂ ਪਾਤਸ਼ਾਹੀ ਸ੍ਰੀ ਹਰਿਰਾਇ ਸਾਹਿਬ ਜੀ, ਬਾਬਾ ਗੁਰਦਿੱਤਾ ਜੀ ਦੇ ਸਪੁਤਰ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੋਤਰੇ ਸਨ।ਮਾਤਾ ਜੀ ਦਾ ਨਾਂ ਮਾਤਾ ਨਿਹਾਲ ਕੌਰ ਸੀ ।ਆਪ ਜੀ ਨੇ ਪੰਜਾਬ ਦੇ ਮੌਜੂਦਾ ਜ਼ਿਲ੍ਹਾ ਰੋਪੜ ਵਿੱਚ 19 ਮਾਘ ਸੰਮਤ 1686 (16 ਜਨਵਰੀ 1630) ਨੂੰ ਕੀਰਤਪੁਰ ਵਿਖੇ ਅਵਤਾਰ ਧਾਰਿਆਂ। 1640 ਵਿੱਚ, ਆਪ ਜੀ ਸ਼ਾਦੀ ਉੱਤਰ ਪ੍ਰਦੇਸ਼ ਦੇ ਬੁਲੰਦ ਸ਼ਹਿਰ ਜ਼ਿਲ੍ਹੇ ਵਿੱਚ ਸਥਿਤ ਅਨੂਪ ਸ਼ਹਿਰ ਦੇ ਭਾਈ ਦਯਾ ਰਾਮ ਦੀ ਸੁਪੁਤਰੀ ਬੀਬੀ ਸੁਲੱਖਣੀ ਜੀ ਨਾਲ ਹੋਈ। ਇਹ ਬਹੁਤ ਨੇਕ ਅਤੇ ਸ਼ਰਧਾ ਸੁਭਾਅ ਦੇ ਵਿਅਕਤੀ ਸਨ।ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪ ਜੀ ਨਾਂ ਸ਼੍ਰੀ ਹਰਿਰਾਇ ਆਪ ਰੱਖਿਆ ਸੀ।ਪੰਜਾਬੀ ਯੂਨੀਵਰਸਿੱਟੀ,ਪਟਿਆਲਾ ਦੁਆਰਾ ਪ੍ਰਕਾਸ਼ਿਤ ਸਿੱਖ ਧਰਮ ਵਿਸ਼ਵ ਕੋਸ਼ ਵਿਚ ਵੱਖ ਵੱਖ ਇਤਿਹਾਸਕਾਰਾਂ ਦੇ ਹਵਾਲਿਆਂ ਨਾਲ ਆਪ ਜੀ ਦੇ ਜੀਵਨ ਦੇ ਵਿਭਿੰਨ ਪਹਿਲੂਆਂ ਬਾਰੇ ਜੋ ਰੌਸ਼ਨੀ ਪਾਈ ਗਈ ਹੈ , ਉਸ ਅਨੁਸਾਰ ਪੁਰਾਤਨ ਲਿਖਤਾਂ ਵਿੱਚ ਲਿਖਿਆ ਮਿਲਦਾ ਹੈ ਕਿ ਇੱਕ ਵਾਰੀ ਆਪ ਜੀ ਘੋੜ ਸਵਾਰੀ ਉਪਰੰਤ ਵਾਪਸ ਘਰ ਪਰਤ ਰਹੇ ਸਨ। ਇਹਨਾਂ ਨੇ ਦੂਰੋਂ ਦੇਖਿਆ ਕਿ ਸ੍ਰੀ ਗੁਰੂ ਹਰਿਗੋਬਿੰਦ ਜੀ ਬਾਗ਼ ਵਿੱਚ ਬੈਠੇ ਹਨ। ਇਹ ਤੁਰੰਤ ਘੋੜੇ ਤੋਂ ਉਤਰੇ ਅਤੇ ਜਾ ਕੇ ਗੁਰੂ ਜੀ ਨੂੰ ਮੱਥਾ ਟੇਕਿਆ। ਇਸ ਕਾਹਲ ਵਿੱਚ ਇਹਨਾਂ ਦਾ ਚੋਲਾ ਝਾੜੀ ਵਿੱਚ ਫਸ ਗਿਆ ਅਤੇ ਇਸ ਤਰ੍ਹਾਂ ਟਾਹਣੀ ਨਾਲੋਂ ਕੁਝ ਫੁੱਲ ਟੁੱਟ ਗਏ। ਇਸ ਨਾਲ ਹਰਿਰਾਇ ਜੀ ਦੇ ਦਿਲ ਨੂੰ ਦੁੱਖ ਹੋਇਆ। ਇਹ ਉਸੇ ਜਗ੍ਹਾਂ 'ਤੇ ਬੈਠ ਗਏ ਅਤੇ ਉੱਚੀ-ਉੱਚੀ ਰੋਣ ਲੱਗ ਪਏ।ਸ੍ਰੀ ਗੁਰੂ ਹਰਿਗੋਬਿੰਦ ਜੀ ਆਏ ਅਤੇ ਇਹਨਾਂ ਨੂੰ ਧੀਰਜ ਦਿੱਤਾ। ਗੁਰੂ ਜੀ ਨੇ ਇਹਨਾਂ ਨੂੰ ਸਲਾਹ ਦਿੱਤੀ , "ਕੱਪੜੇ ਜਿਵੇਂ ਚਾਹੋ ਪਾਉ ਪਰੰਤੂ ਤੁਰਨ ਵੇਲੇ ਧਿਆਨ ਰੱਖੋ। ਪ੍ਰਮਾਤਮਾ ਦੇ ਸੇਵਕਾਂ ਤੋਂ ਇਹ ਉਮੀਦ ਰੱਖੀ ਜਾਂਦੀ ਹੈ ਕਿ ਉਹ ਸਾਰਿਆਂ ਨੂੰ ਪਿਆਰ ਕਰਨ"। ਇਸ ਤਰ੍ਹਾਂ ਗੁਰੂ ਜੀ ਦੇ ਸ਼ਬਦਾਂ ਵਿੱਚ ਡੂੰਘੇ ਅਰਥ ਸਨ। ਮਨੁੱਖ ਨੂੰ ਇਸ ਸੰਸਾਰ ਵਿੱਚ ਰਹਿਣਾ ਚਾਹੀਦਾ ਹੈ ਪਰ ਨਾਲ ਹੀ ਨਾਲ ਆਪਣੇ ਆਪ 'ਤੇ ਪੂਰਾ ਕੰਟਰੋਲ ਰੱਖਣਾ ਚਾਹੀਦਾ ਹੈ।

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਇਹ ਜਾਣ ਲਿਆ ਸੀ ਕਿ ਸ੍ਰੀ ਹਰਿਰਾਇ ਗੁਰੂ ਜੋਤ ਦੀ ਪ੍ਰਾਪਤੀ ਲਈ ਸਭ ਤੋਂ ਵੱਧ ਯੋਗ ਵਿਅਕਤੀ ਹਨ। ਗੁਰੂ ਜੀ ਨੇ ਇਹਨਾਂ ਨੂੰ ਆਪਣਾ ਵਾਰਸ ਨਿਯੁਕਤ ਕਰ ਦਿੱਤਾ ਅਤੇ 3 ਮਾਰਚ 1644 ਨੂੰ ਆਪਣੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਇਹਨਾਂ ਨੂੰ ਗੁਰਿਆਈ ਦਾ ਤਿਲਕ ਲਗਾ ਦਿੱਤਾ।

ਸ੍ਰੀ ਗੁਰੂ ਹਰਿਰਾਇ ਜੀ ਨੇ ਸ੍ਰੀ ਗੁਰੂ ਹਰਿਗੋਬਿੰਦ ਜੀ ਦੁਆਰਾ ਅਰੰਭ ਕੀਤਾ ਠਾਠ ਬਾਠ ਵਾਲਾ ਜੀਵਨ ਜਿਊਣਾ ਜਾਰੀ ਰੱਖਿਆ । ਇਹਨਾਂ ਕੋਲ 2200 ਹਥਿਆਰਬੰਦ ਸਿੱਖ ਸਨ ਪ੍ਰੰਤੂ ਸਰਕਾਰ ਨਾਲ ਇਹਨਾਂ ਦੀ ਕੋਈ ਟੱਕਰ ਨਹੀਂ ਹੋਈ। ਇਹਨਾਂ ਨੇ ਤਿੰਨ ਪ੍ਰਚਾਰ ਮਿਸ਼ਨ ਜਿਨ੍ਹਾਂ ਨੂੰ 'ਬਖ਼ਸ਼ਿਸ਼ਾਂ' ਕਿਹਾ ਜਾਂਦਾ ਸੀ ਸ੍ਰੀ ਗੁਰੂ ਨਾਨਕ ਦੇਵ ਦੀ ਬਾਣੀ ਦਾ ਪ੍ਰਚਾਰ ਕਰਨ ਲਈ ਸਥਾਪਿਤ ਕਰ ਦਿੱਤੇ। ਪਹਿਲਾ ਭਗਵਾਨ ਗਿਰ ਦਾ ਸੀ ਜਿਸ ਦਾ ਨਾਂ ਬਦਲ ਕੇ ਭਗਤ ਭਗਵਾਨ ਰੱਖਿਆ ਗਿਆ ਸੀ। ਦੂਸਰਾ ਸੰਗਤੀਆ ਸੀ ਜਿਸ ਦਾ ਨਾਂ ਬਦਲ ਕੇ ਭਾਈ ਫੇਰੂ ਰੱਖਿਆ ਗਿਆ ਅਤੇ ਜਿਸ ਨੇ ਰਾਜਸਥਾਨ ਅਤੇ ਦੱਖਣੀ ਪੰਜਾਬ ਵਿੱਚ ਸਿੱਖ ਧਰਮ ਦਾ ਪ੍ਰਚਾਰ ਕੀਤਾ।ਸ੍ਰੀ ਗੁਰੂ ਹਰਿਰਾਇ ਜੀ ਨੇ ਭਾਈ ਗੋਂਦਾ ਨੂੰ ਕਾਬੁਲ ਭੇਜਿਆ, ਭਾਈ ਨੱਥਾ ਨੂੰ ਢਾਕੇ ਅਤੇ ਭਾਈ ਜੋਧ ਨੂੰ ਮੁਲਤਾਨ ਪ੍ਰਚਾਰ ਲਈ ਭੇਜਿਆ। ਅਜੋਕੇ ਬਾਗੜੀਆਂ ਅਤੇ ਕੈਥਲ ਪਰਿਵਾਰਾਂ ਦੇ ਪੂਰਵਜਾਂ ਨੇ ਮਾਲਵੇ ਦੇ ਇਲਾਕੇ ਵਿੱਚ ਪ੍ਰਚਾਰ ਕੀਤਾ। ਸ੍ਰੀ ਗੁਰੂ ਹਰਿਰਾਇ ਆਪ ਵੀ ਇਸ ਇਲਾਕੇ ਵਿੱਚ ਬਹੁਤ ਘੁੰਮੇ ਫਿਰੇ ਅਤੇ ਇਹਨਾਂ ਦੇ ਪ੍ਰਚਾਰ ਨਾਲ ਬਹੁਤ ਲੋਕ ਸਿੱਖ ਬਣ ਗਏ। ਇੱਕ ਗ਼ਰੀਬ ਲੜਕੇ ਫੂਲ ਨੂੰ ਸ੍ਰੀ ਗੁਰੂ ਹਰਿਗੋਬਿੰਦ ਜੀ ਵੱਲੋਂ ਮਿਲੇ ਅਸ਼ੀਰਵਾਦ ਨੂੰ ਆਪ ਜੀ ਨੇ ਮੁੜ ਦੁਹਰਾਇਆ ਅਤੇ ਪਿੱਛੋਂ ਜਾ ਕੇ ਇਹ ਪਟਿਆਲਾ, ਨਾਭਾ ਅਤੇ ਜੀਂਦ ਦਾ ਬਾਨੀ ਬਣਿਆ। ਅਜੋਕੇ ਸਮੇਂ ਤੱਕ ਪੰਜਾਬ ਵਿੱਚ ਇਹਨਾਂ ਪਰਿਵਾਰਾਂ ਨੇ ਆਪਣੇ ਇਲਾਕਿਆਂ ਵਿੱਚ ਰਾਜ ਕੀਤਾ ਹੈ।

ਕੀਰਤਪੁਰ ਗੁਰੂ ਹਰਿਰਾਇ ਜੀ ਦਾ ਪੱਕਾ ਟਿਕਾਣਾ ਸੀ। ਇੱਥੇ ਹੀ ਸਿੱਖ ਅਤੇ ਯਾਤਰੂ ਅਸ਼ੀਰਵਾਦ ਅਤੇ ਉਪਦੇਸ਼ ਲੈਣ ਲਈ ਆਉਂਦੇ ਸਨ। ਗੁਰੂ ਜੀ ਨੇ ਆਪਣਾ ਨਿੱਤਕਰਮ ਆਪਣੇ ਪੂਰਵਜਾਂ ਦੀ ਤਰ੍ਹਾਂ ਨਿਰੰਤਰ ਜਾਰੀ ਰੱਖਿਆ। ਲੰਗਰ ਦੀ ਸੰਸਥਾ ਹੋਰ ਵਧੀ ਫੁੱਲੀ। ਸਵੇਰ ਵੇਲੇ ਆਪ ਜੀ ਸੰਗਤ ਵਿੱਚ ਬੈਠਦੇ ਅਤੇ ਸਿੱਖ ਸਿਧਾਂਤਾਂ ਦੀ ਵਿਆਖਿਆ ਕਰਦੇ ਸਨ। ਇਹਨਾਂ ਨੇ ਆਪ ਕੋਈ ਬਾਣੀ ਨਹੀਂ ਰਚੀ ਪ੍ਰੰਤੂ ਆਪਣੇ ਪ੍ਰਵਚਨਾਂ ਵਿੱਚ ਆਪ ਪਹਿਲੇ ਗੁਰੂ ਸਾਹਿਬਾਨਾਂ ਦੀ ਬਾਣੀ ਵਿਚੋਂ ਉਦਾਹਰਨਾਂ ਦਿੰਦੇ ਸਨ। ਆਪ ਅਕਸਰ ਭਾਈ ਗੁਰਦਾਸ ਦੀਆਂ ਵਾਰਾਂ (ਯਯੜੀiii.15) ਵਿੱਚੋਂ ਹੇਠ ਲਿਖੀ ਪਉੜੀ ਦੁਹਰਾਉਂਦੇ ਹੁੰਦੇ ਸਨ :-

ਪਿਛਲ ਰਾਤੀ ਜਾਗਣਾ ਨਾਮੁ ਦਾਨੁ ਇਸਨਾਨੁ ਦਿੜਾਏ॥
ਮਿਠਾ ਬੋਲਣੁ ਨਿਵ ਚਲਣੁ ਹਥਹੁ ਦੇ ਕੈ ਭਲਾ ਮਨਾਏ॥
ਥੋੜਾ ਸਵਣਾ ਖਾਵਣਾ ਥੋੜਾ ਬੋਲਨੁ ਗੁਰਮਤਿ ਪਾਏ॥
ਘਾਲਿ ਖਾਇ ਸੁਕ੍ਰਿਤੁ ਕਰੈ ਵਡਾ ਹੋਇ ਨ ਆਪੁ ਗਣਾਏ॥
ਸਾਧ ਸੰਗਤਿ ਮਿਲਿ ਗਾਵਦੇ ਰਾਤਿ ਦਿਹੈ ਨਿਤ ਚਲਿ ਚਲਿ ਜਾਏ॥
ਸਬਦ ਸੁਰਤਿ ਪਰਚਾ ਕਰੈ ਸਤਿਗੁਰੁ ਪਰਚੈ ਮਨ ਪਰਚਾਏ॥
ਆਸਾ ਵਿਚਿ ਨਿਰਾਸੁ ਵਲਾਏ॥ 5॥

ਗੁਰੂ ਹਰਿਰਾਇ ਗੋਇੰਦਵਾਲ ਵਿਖੇ ਹੀ ਸਨ ਜਦੋਂ ਦਾਰਾ ਸ਼ੁਕੋਹ ਜੋ ਮੁਗ਼ਲ ਰਾਜ ਗੱਦੀ ਦਾ ਵਾਰਸ ਸੀ ਆਪਣੇ ਭਰਾ ਔਰੰਗਜ਼ੇਬ ਤੋਂ 29 ਮਈ 1658 ਨੂੰ ਸਾਮੂਗੜ ਦੀ ਲੜਾਈ ਵਿੱਚ ਹਾਰ ਖਾ ਕੇ ਫ਼ੌਜ ਦੇ ਅੱਗੇ ਭੱਜਦਾ ਹੋਇਆ ਪੰਜਾਬ ਵਿੱਚ ਦਾਖ਼ਲ ਹੋ ਗਿਆ ਸੀ। ਗੋਇੰਦਵਾਲ ਵਿਖੇ ਜਿੱਥੇ ਇਹ ਜੂਨ 1658 ਦੇ ਪਿਛਲੇ ਹਫ਼ਤੇ ਪੁਹੰਚਿਆ ਸੀ। ਇਹ ਗੁਰੂ ਹਰਿਰਾਇ ਜੀ ਦੇ ਦਰਸ਼ਨਾਂ ਲਈ ਆਇਆ ਅਤੇ ਇਹਨਾਂ ਤੋਂ ਬਖ਼ਸ਼ਸ਼ ਲਈ ਬੇਨਤੀ ਕੀਤੀ। ਇਹ ਸ਼ਹਿਜ਼ਾਦਾ ਖੁੱਲ੍ਹੇ ਧਾਰਮਿਕ ਸੁਭਾਅ ਦਾ ਸੀ ਅਤੇ ਕੁਦਰਤੀ ਤੌਰ 'ਤੇ ਸਾਧਾਂ-ਸੰਤਾਂ ਦੀ ਸੰਗਤ ਕਰਕੇ ਪ੍ਰਸੰਨ ਹੁੰਦਾ ਸੀ। ਇਹ ਵਿਸ਼ੇਸ਼ ਤੌਰ 'ਤੇ ਪ੍ਰਸਿੱਧ ਮੁਸਲਮਾਨ ਸੂਫ਼ੀ ਮੀਆਂ ਮੀਰ ਦਾ ਪ੍ਰਸੰਸਕ ਸੀ ਜਿਸ ਦਾ ਸਿੱਖ ਗੁਰੂਆਂ ਨਾਲ ਮੇਲ-ਜੋਲ ਸੀ। ਸਿੱਖ ਪਰੰਪਰਾ ਵਿੱਚ ਇਸ ਗੱਲ ਦਾ ਜ਼ਿਕਰ ਹੈ ਕਿ ਕਿਵੇਂ ਇੱਕ ਵਾਰੀ ਦਾਰਾ ਸ਼ੁਕੋਹ ਇੱਕ ਨਾਮੁਰਾਦ ਬਿਮਾਰੀ ਤੋਂ ਗੁਰੂ ਹਰਿਰਾਇ ਦੁਆਰਾ ਭੇਜੀਆਂ ਗਈਆਂ ਜੜੀਆਂ ਬੂਟੀਆਂ ਨਾਲ ਤਿਆਰ ਕੀਤੀ ਦਵਾਈ ਨਾਲ ਤੰਦਰੁਸਤ ਹੋ ਗਿਆ ਸੀ। ਇਸ ਲਈ ਇਸ ਨੇ ਆਪਣੇ ਇਸ ਦੁੱਖ ਦੀ ਘੜੀ ਵਿੱਚ ਗੁਰੂ ਜੀ ਦੇ ਦਰਸ਼ਨ ਕਰਨ ਦਾ ਮੌਕਾ ਹੱਥੋਂ ਨਾ ਜਾਣ ਦਿੱਤਾ। ਸਰੂਪ ਦਾਸ ਭੱਲਾ ਦੇ ਮਹਿਮਾ ਪ੍ਰਕਾਸ਼ ਅਨੁਸਾਰ ਗੁਰੂ ਹਰਿਰਾਇ ਜੀ ਨੇ ਔਰੰਗਜ਼ੇਬ ਦੀ ਫ਼ੌਜ ਨੂੰ ਲੇਟ ਕਰਨ ਲਈ ਆਪਣੀ ਫ਼ੌਜ ਪੱਤਣ 'ਤੇ ਲਗਾ ਦਿੱਤੀ ਜੋ ਦਾਰਾ ਦਾ ਤੇਜ਼ੀ ਨਾਲ ਪਿੱਛਾ ਕਰ ਰਹੀ ਸੀ।

ਗੁਰੂ ਹਰਿਰਾਇ ਜੀ ਨੇ ਪੰਜਾਬ ਦੇ ਕੇਂਦਰੀ ਜ਼ਿਲ੍ਹਿਆਂ ਦੀ ਫੇਰੀ ਲਗਾਈ ਜਿੱਥੇ ਇਹਨਾਂ ਦੇ ਪੂਰਬਲੇ ਗੁਰੂਆਂ ਦੁਆਰਾ ਪ੍ਰਚਾਰ ਕਰਨ 'ਤੇ ਸਿੱਖ ਧਰਮ ਪੱਕੇ ਪੈਰੀਂ ਹੋ ਗਿਆ ਸੀ। ਆਪ ਜੀ ਦੂਰ ਕਸ਼ਮੀਰ ਤੱਕ ਚੱਲੇ ਗਏ। 1660 ਦੀ ਵਿਸਾਖੀ ਇਹਨਾਂ ਹਕੀਕਤ ਰਾਇ ਸ਼ਹੀਦ ਦੇ ਦਾਦੇ ਨੰਦ ਲਾਲ ਪੁਰੀ ਦੇ ਘਰ ਸਿਆਲਕੋਟ ਮਨਾਈ। ਯਾਤਰਾ, ਕੁਝ ਸਿੱਖਾਂ ਜਿਵੇਂ ਇੱਕ ਲੁਬਾਣਾ ਵਪਾਰੀ ਮੱਖਣ ਸ਼ਾਹ ਅਤੇ ਆੜੂ ਰਾਮ ਦੇ ਸਾਥ ਵਿੱਚ ਜਾਰੀ ਰਹੀ। ਆੜੂ ਰਾਮ ਦਾ ਪੁੱਤਰ ਕ੍ਰਿਪਾ ਰਾਮ ਦੱਤ ਬਾਅਦ ਵਿੱਚ ਕਸ਼ਮੀਰੀ ਪੰਡਤਾਂ ਨੂੰ ਨਾਲ ਲੈ ਕੇ ਸ਼ਾਹੀ ਦਮਨ ਵਿਰੁੱਧ ਗੁਰੂ ਤੇਗ਼ ਬਹਾਦਰ ਜੀ ਕੋਲ ਆਇਆ ਸੀ। ਗੁਰੂ ਹਰਿਰਾਇ ਜੀ 19 ਮਈ 1660 ਨੂੰ ਮਾਰਤੰਡ ਹੋ ਕੇ ਸ੍ਰੀਨਗਰ ਪਹੁੰਚੇ ਅਤੇ ਮੋਟਾ ਟਾਂਡਾ ਵੀ ਗਏ। ਮੱਖਣ ਸ਼ਾਹ ਇਸੇ ਪਿੰਡ ਦਾ ਰਹਿਣ ਵਾਲਾ ਸੀ। ਵਾਪਸ ਆਉਂਦੇ ਹੋਏ ਆਪ ਅਖਨੂਰ ਅਤੇ ਜੰਮੂ ਠਹਿਰੇ। ਜੰਮੂ ਵਿਖੇ ਸਥਾਨਿਕ ਮਸੰਦ ਭਾਈ ਕਾਹਨਾ ਸੰਗਤ ਲੈ ਕੇ ਹਾਜ਼ਰ ਹੋਇਆ।

ਗੁਰੂ ਹਰਿਰਾਇ ਜੀ ਨਾਲ ਦਾਰਾ ਸ਼ੁਕੋਹ ਦੀ ਮਿਲਣੀ ਨੂੰ ਬਾਦਸ਼ਾਹ ਔਰੰਗਜ਼ੇਬ ਨੂੰ ਗ਼ਲਤ ਢੰਗ ਨਾਲ ਦੱਸਿਆ ਗਿਆ। ਕਾਫ਼ੀ ਮਸਾਲੇ ਲਗਾ ਕੇ ਕਹਾਣੀਆਂ ਉਸ ਤੱਕ ਪਹੁੰਚਾਈਆਂ ਗਈਆਂ। ਉਸਦੇ ਅਫ਼ਸਰਾਂ ਅਤੇ ਦਰਬਾਰੀਆਂ ਨੇ ਉਸ ਨੂੰ ਦੱਸਿਆ ਕਿ ਗੁਰੂ ਹਰਿਰਾਇ ਇੱਕ ਬਾਗ਼ੀ ਹੈ ਅਤੇ ਇਹਨਾਂ ਨੇ ਭਗੌੜੇ ਸ਼ਹਿਜ਼ਾਦੇ ਦਾਰਾ ਦੀ ਵੀ ਮਦਦ ਕੀਤੀ ਹੈ।ਇਸ ਤੋਂ ਇਲਾਵਾ ਉਹਨਾਂ ਨੇ ਦੱਸਿਆ ਕਿ (ਗੁਰੂ) ਗ੍ਰੰਥ ਸਾਹਿਬ ਵਿੱਚ ਇਸਲਾਮ ਵਿਰੁੱਧ ਬਾਣੀ ਲਿਖੀ ਹੋਈ ਹੈ। ਬਾਦਸ਼ਾਹ ਨੇ ਆਂਬੇਰ ਦੇ ਰਾਜਾ ਜੈ ਸਿੰਘ ਨੂੰ ਗੁਰੂ ਹਰਿਰਾਇ ਜੀ ਨੂੰ ਦਿੱਲੀ ਲਿਆਉਣ ਲਈ ਕਿਹਾ। ਰਾਜੇ ਦਾ ਦੂਤ ਹਰੀ ਚੰਦ 1661 ਨੂੰ ਵਿਸਾਖੀ ਵਾਲੇ ਦਿਨ ਕੀਰਤਪੁਰ ਪਹੁੰਚਿਆ ਅਤੇ ਉਸ ਨੇ ਸ਼ਾਹੀ ਸੰਮਨ ਦੇ ਦਿੱਤੇ। ਗੁਰੂ ਹਰਿਰਾਇ ਜੀ ਨੇ ਸੰਮਨ ਲੈ ਲਏ ਅਤੇ ਕਵੀ ਸੰਤੋਖ ਸਿੰਘ ਦੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਅਨੁਸਾਰ ਉਹਨਾਂ ਨੇ ਕਿਹਾ, "ਮੈਂ ਕਿਸੇ ਖਿੱਤੇ 'ਤੇ ਰਾਜ ਨਹੀਂ ਕਰਦਾ, ਨਾ ਹੀ ਬਾਦਸ਼ਾਹ ਦਾ ਕੋਈ ਟੈਕਸ ਮੇਰੇ ਵੱਲ ਬਣਦਾ ਹੈ ਅਤੇ ਨਾ ਹੀ ਮੈਂ ਉਸ ਤੋਂ ਕੁਝ ਲੈਣਾ ਹੈ। ਸਾਡੇ ਵਿੱਚ ਗੁਰੂ ਅਤੇ ਸਿੱਖ ਵਾਲਾ ਵੀ ਕੋਈ ਰਿਸ਼ਤਾ ਨਹੀਂ ਹੈ। ਫਿਰ ਇਸ ਮਿਲਣੀ ਦਾ ਕੀ ਲਾਭ ਹੋਵੇਗਾ"। ਇਸ ਲਈ ਗੁਰੂ ਜੀ ਨੇ ਆਪਣੀ ਥਾਂ 'ਤੇ ਆਪਣੇ ਵੱਡੇ ਲੜਕੇ ਰਾਮਰਾਇ ਨੂੰ ਭੇਜ ਦਿੱਤਾ ਅਤੇ ਇਸ ਦੀ ਮਦਦ ਲਈ ਦੀਵਾਨ ਦਰਗਾਹ ਮੱਲ ਨਾਲ ਭੇਜਿਆ। ਗੁਰੂ ਕੀਆਂ ਸਾਖੀਆਂ ਅਨੁਸਾਰ ਗੁਰੂ ਹਰਿਰਾਇ ਜੀ ਨੇ ਆਪਣੇ ਪੁੱਤਰ ਨੂੰ ਅਸ਼ੀਰਵਾਦ ਦਿੱਤਾ। ਜਦੋਂ ਉਹ ਗੱਡੀ ਵਿੱਚ ਬੈਠ ਗਿਆ ਤਾਂ ਉਸ ਨੂੰ ਹੇਠ ਲਿਖੀ ਨਸੀਹਤ ਦਿੱਤੀ : "ਬਿਨਾਂ ਕਿਸੇ ਡਰ ਭੈ ਦੇ ਬਾਦਸ਼ਾਹ ਵੱਲੋਂ ਪੁੱਛੇ ਪ੍ਰਸ਼ਨਾਂ ਦਾ ਸਾਫ਼ ਅਤੇ ਸਪੱਸ਼ਟ ਉੱਤਰ ਦੇਣਾ। ਕਿਸੇ ਕਿਸਮ ਦੀ ਕੋਈ ਹਿਚਕਿਚਾਹਟ ਨਹੀਂ ਦਿਖਾਉਣੀ। ਰਸਤੇ ਵਿੱਚ ਜਿੱਥੇ ਵੀ ਰੁਕੋ ਗ੍ਰੰਥ ਦਾ ਮਨ ਲਾ ਕੇ ਪਾਠ ਕਰੋ। ਜਿੱਥੇ ਵੀ ਤੁਸੀਂ ਹੋਵੋਗੇ ਗੁਰੂ ਤੁਹਾਡੀ ਰੱਖਿਆ ਕਰੇਗਾ"। ਭਾਈ ਬਹਿਲੋ ਦੇ ਪਰਿਵਾਰ ਦੇ ਗੁਰਦਾਸ ਨੂੰ (ਗੁਰੂ) ਗ੍ਰੰਥ ਦੀ ਬੀੜ ਰਾਮਰਾਇ ਦੇ ਨਾਲ ਲੈ ਜਾਣ ਦਾ ਆਦੇਸ਼ ਦਿੱਤਾ। ਬਾਦਸ਼ਾਹ ਨੂੰ ਖੁਸ਼ ਕਰਨ ਲਈ ਰਾਮਰਾਇ ਨੇ ਜਾਣ ਬੁੱਝ ਕੇ (ਗੁਰੂ ਗ੍ਰੰਥ ਸਾਹਿਬ ਤੋਂ ਤੁਕਾਂ ਦਾ ਗਲਤ ਪਾਠ ਕੀਤਾ। ਇਹਨਾਂ ਨਾਲ ਗਏ ਹੋਏ ਸਿੱਖਾਂ ਨੇ ਇਹ ਗੱਲ ਸ੍ਰੀ ਗੁਰੂ ਹਰਿਰਾਇ ਜੀ ਨੂੰ ਆ ਕੇ ਦੱਸੀ ਜਿਨ੍ਹਾਂ ਨੇ ਰਾਮਰਾਇ ਨੂੰ ਫਿਟਕਾਰ ਦਿੱਤਾ ਕਿਉਂਕਿ ਇਸ ਨੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਿੱਤੀ ਸੀ। ਗੁਰੂ ਵੱਲੋਂ ਰਾਮਰਾਇ ਨੂੰ ਮੱਥੇ ਨਾ ਲੱਗਣ ਦਾ ਹੁਕਮ ਦੇਣ ਕਰਕੇ ਉਹ ਦੇਹਰਾਦੂਨ ਚੱਲਾ ਗਿਆ। ਗੁਰੂ ਹਰਿਰਾਇ ਜੀ ਨੇ ਆਪਣੇ ਛੋਟੇ ਸੁਪੁੱਤਰ ਹਰਿਕ੍ਰਿਸ਼ਨ ਨੂੰ ਆਪਣਾ ਉੱਤਰਾਧਿਕਾਰੀ ਚੁਣ ਲਿਆ ਅਤੇ 6 ਅਕਤੂਬਰ 1661 ਨੂੰ ਕੀਤਰਪੁਰ ਵਿਖੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਇਹਨਾਂ ਨੂੰ ਗੁਰਗੱਦੀ ਸੌਂਪ ਦਿੱਤੀ।





ਸਾਂਝੀ ਸੋਚ
ਡਾ. ਚਰਨਜੀਤ ਸਿੰਘ ਗੁਮਟਾਲਾ
ਡੇਟਨ, ਓਹਾਇਓ, ਯੂ.ਐਸ.ਏ
001 9375739812
ਵਟਸਐਪ 919417533060

**Information in Public Interest**

To listen to Dr.Gurdip Singh Sandhu health education lecture series, go to https://youtu.be/-DUhK3cACEU, Sabrangstation.com ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ਼ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 AM ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

Contact:(408) 687-1899, (925) 587-1148





ਕਈ ਵੀਰਾਂ ਦੇ

**LICENSE CANCEL**

ਹੋ ਰਹੇ ਹਨ ਤੇ ਹੁਣ
ਉਹ ਆਪਣਾ ਟਰੱਕ ਵੀ ਨਹੀਂ
ਚਲਾ ਸਕਦੇ।


## ਕਿਉਂਕਿ DMV ਕਈ ਲੋਕਾਂ ਦੇ CDL License Cancel ਕਰ ਰਿਹਾ

ਖਾਸ ਕਰਕੇ ਉਹਨਾਂ ਦੇ ਜਿਨ੍ਹਾਂ ਕੋਲ


**Green Card ਨਹੀਂ ਹੈ | I-485 Application ਅਜੇ Pending ਹੈ।**

# Ghuman Law Group ਤੁਹਾਡੇ ਨਾਲ ਹੈ

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ :



Green Card Case ਨੂੰ ਜਲਦੀ ਹੱਲ ਕਰਨ ਵਿੱਚ



CDL ਅਤੇ ਕੰਮ ਨੂੰ ਬਚਾਉਣ ਲਈ Legal Guidance



Deportation ਜਾਂ Immigration Detention Cases ਵਿੱਚ Legal Advice



Appeals ਅਤੇ Immigration Process ਵਿੱਚ ਸਹਾਇਤਾ



Estate Planning ਰਾਹੀਂ Property ਅਤੇ Assets ਨੂੰ safe ਕਰਨ ਵਿੱਚ ਮਦਦ



ਤੁਹਾਡੇ ਪਰਿਵਾਰ ਦੇ ਭਵਿੱਖ ਨੂੰ Secure ਬਣਾਉਣ ਵਿੱਚ ਸਹਾਇਤਾ

GHUMAN LAW GROUP INC.
Criminal Defense, Family and Immigration Law

Deportation ਜਾਂ Immigration Process ਦੇ ਦੌਰਾਨ ਘਰ, ਨੌਕਰੀ, ਜਾਇਦਾਦ ਤੇ ਮਿਹਨਤ ਦੀ ਕਮਾਈ ਤਕ ਖਤਰੇ ਵਿੱਚ ਪੈ ਸਕਦੇ ਹਨ

**ਹੁਣੇ ਸੰਪਰਕ ਕਰੋ : (228) 200-0001 (ਮੁਫ਼ਤ ਸਲਾਹ ਵੀ ਉਪਲਬਧ ਹੈ)**

Ghuman Law Group ਤੁਹਾਡੇ ਹੱਕਾਂ ਦੀ ਮਜ਼ਬੂਤ ਆਵਾਜ਼ | ਤੁਹਾਡਾ Legal Partner

# ਵਿਸ਼ਵ ਪੰਜਾਬੀ ਸਭਾ ਐਡਮਿੰਟਨ ਵੱਲੋਂ ਪ੍ਰਸਿੱਧ ਸਮਾਚਾਰ ਵਾਚਕ ਅਰਵਿੰਦਰ ਭੱਟੀ ਦਾ ਸਨਮਾਨ

**ਐਡਮਿੰਟਨ ਸਾਂਝੀ ਸੋਚ ਬਿਊਰੋ**

ਐਡਮਿੰਟਨ (ਕਨੇਡਾ) ਦੇ ਪ੍ਰਸਿੱਧ ਸਥਾਨ ਸੀਨੀਅਰ ਸਿਟੀਜਨ ਕਲਚਰਲ ਸੋਸਾਇਟੀ ਮਿਲਵੁੱਡ ਵਿਖੇ ਵਿਸ਼ਵ ਪੰਜਾਬੀ ਸਭਾ ਕਨੇਡਾ ਦੇ ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ ਦੀ ਰਹਿਨੁਮਾਈ ਹੇਠ ਵਿਸ਼ਵ ਪੰਜਾਬੀ ਸਭਾ ਐਡਮਿੰਟਨ ਵੱਲੋਂ ਇੱਕ ਸ਼ਾਨਦਾਰ ਸਮਾਗਮ ਅਤੇ ਕਵੀ ਦਰਬਾਰ ਕਰਵਾਇਆ ਗਿਆ।
ਸਭਾ ਦੇ ਪ੍ਰਧਾਨ ਦਲਬੀਰ ਸਿੰਘ ਰਿਆੜ ਨੇ ਸਭਾ ਦੇ ਉਦੇਸ਼ ਅਤੇ ਕੀਤੇ ਜਾਣ ਵਾਲੇ ਮੁੱਖ ਕੰਮਾਂ ਤੇ ਚਾਨਣਾ ਪਾਇਆ। ਇਸ ਸਮਾਗਮ ਦੇ ਮੁੱਖ ਮਹਿਮਾਨ ਪ੍ਰਸਿੱਧ ਸਮਾਚਾਰ ਵਾਚਕ, ਅਭਿਨੈਕਾਰ, ਸੰਚਾਲਕ ਅਤੇ ਐਕਟਰ ਅਰਵਿੰਦਰ ਸਿੰਘ ਭੱਟੀ ਦੀਆਂ ਸਮੂਹਿਕ ਪ੍ਰਾਪਤੀਆਂ ਨੂੰ ਮੱਦੇ ਨਜ਼ਰ ਰੱਖਦੇ ਹੋਏ ਸਨਮਾਨਿਤ ਕੀਤਾ ਗਿਆ। ਇਸ ਦੇ ਨਾਲ ਹੀ ਵਿਸ਼ੇਸ਼ ਤੌਰ ਤੇ ਪਹੁੰਚੇ ਮੈਂਬਰ ਪਾਰਲੀਮੈਂਟ ਐਡਮਿੰਟਨ ਜਗਸ਼ਰਨ ਸਿੰਘ ਮਾਹਲ ਨੂੰ ਵੀ ਸਨਮਾਨਿਤ ਕੀਤਾ ਗਿਆ।
ਇਸ ਮੌਕੇ ਤੇ ਗਲੋਬਲ ਦੇਸੀ ਟੀਵੀ ਦੇ ਸੂਤਰਧਾਰ ਮਨਜੀਤ ਸਿੰਘ ਫੇਰੂਮਾਨ ਪ੍ਰਾਈਮ ਏਸ਼ੀਆ ਤੋਂ ਮਨਦੀਪ ਪੁਜਾਰਾ ਅਤੇ ਵੀ ਟੀਵੀ ਤੋਂ ਗੁਰਜੀਤ ਸਿੰਘ ਅਤੇ ਪ੍ਰੋਫੈਸਰ ਅਸ਼ੋਕ ਕੁਮਾਰ ਨੇ ਪੰਜਾਬੀ ਮਾਂ ਬੋਲੀ ਅਤੇ ਨੀਤੀਆਂ ਦੀ ਵਰਤਮਾਨ ਭੂਮਿਕਾ ਬਾਰੇ ਵਿਚਾਰ ਰੱਖੇ।
ਕਵੀ ਦਰਬਾਰ ਵਿੱਚ ਦਲਬੀਰ ਸਿੰਘ ਰਿਆੜ, ਬਲਵਿੰਦਰ ਬਾਲਮ, ਨਰਿੰਦਰ ਜੌਹਲ, ਬੀਬੀ ਜਰਨੈਲ ਕੌਰ, ਅੰਮ੍ਰਿਤ ਪਾਲ ਸਿੰਘ ਅੰਮ੍ਰਿਤ, ਕਰਨੈਲ ਸਿੰਘ, ਸੰਨੀ ਧਾਲੀਵਾਲ, ਤਜਿੰਦਰ ਪਾਲ ਸਿੰਘ ਰਿਆੜ, ਪਵਿੱਤਰ ਸਿੰਘ ਧਾਲੀਵਾਲ, ਨਰਿੰਦਰ ਚਾਹਲ, ਅਮਰਜੀਤ ਵਿਰਦੀ, ਸਤਨਾਮ ਸਿੰਘ ਗਾਹਲੇ, ਮਾਸਟਰ ਅਜੀਤ ਖੰਗੂੜਾ, ਕਾਰਜ ਸਿੰਘ, ਕਿਸ਼ਨ ਜੌਹਲ, ਮਹਿੰਦਰ ਸਿੰਘ ਰਤੀਆ, ਮੈਨੇਜਰ ਨਰਿੰਦਰ ਸਿੰਘ, ਸੁਖਦੇਵ ਸਿੰਘ, ਪਾਰਸ ਮਹੀਨੀਆਂ, ਕਸ਼ਮੀਰਾ ਸਿੰਘ, ਸੁਖਦੇਵ ਸਿੰਘ ਬੈਨੀਪਾਲ, ਪ੍ਰਦੁਮਣ ਸਿੰਘ ਆਦਿ ਨੇ ਕਾਵਿ ਰਚਨਾਵਾਂ ਸੁਣਾ ਕੇ ਖੂਬ ਰੰਗ ਬੰਨਿਆ। ਆਏ ਹੋਏ ਬਹੁਤ ਸਾਰੇ ਸਰੋਤਿਆਂ ਨੇ ਇਸ ਸਮਾਗਮ ਦਾ ਖੂਬ ਅਨੰਦ ਮਾਣਿਆਂ।
ਸਭਾ ਦੇ ਪ੍ਰਧਾਨ ਦਲਬੀਰ ਸਿੰਘ ਰਿਆੜ ਨੇ ਆਏ ਸਭ ਸਰੋਤਿਆਂ ਦਾ ਧੰਨਵਾਦ ਕੀਤਾ ਅਤੇ ਭਵਿੱਖ ਵਿੱਚ ਹੋਰ ਸੁਚਾਰੂ ਢੰਗ ਨਾਲ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਨ ਦਾ ਵਚਨ ਲਿਆ। ਮੰਚ ਸੰਚਾਲਨ ਦੀ ਭੂਮਿਕਾ ਬਲਵਿੰਦਰ ਬਾਲਮ ਨੇ ਬਾਖ਼ੂਬੀ ਨਿਭਾਈ। ਇਹ ਇੱਕ ਯਾਦਗਾਰੀ ਸਮਾਗਮ ਰਿਹਾ।



# ਟਰੰਪ ਗੋਲਫ ਕਲੱਬ ਨੇੜੇ ਲੋਡਿਡ ਪਿਸਤੌਲ ਸਮੇਤ ਗ੍ਰਿਫ਼ਤਾਰ ਵਿਅਕਤੀ ਖ਼ਿਲਾਫ਼ ਸੰਘੀ ਹਥਿਆਰ ਮਾਮਲਾ ਦਰਜ

**ਵਾਸ਼ਿੰਗਟਨ ਸਾਂਝੀ ਸੋਚ ਬਿਊਰੋ**

ਰਾਸ਼ਟਰਪਤੀ ਡੋਨਾਲਡ ਟਰੰਪ ਦੀ ਨਿਰਧਾਰਤ ਫੇਰੀ ਤੋਂ ਕੁਝ ਦਿਨ ਪਹਿਲਾਂ ਟਰੰਪ ਨੈਸ਼ਨਲ ਗੋਲਫ ਕਲੱਬ ਲਾਸ ਏਂਜਲਸ ਵਿਖੇ ਸ਼ੱਕੀ ਗਤੀਵਿਧੀਆਂ ਕਰਦੇ ਹੋਏ ਗ੍ਰਿਫ਼ਤਾਰ ਕੀਤੇ ਗਏ ਡਾਊਨੀ ਨਿਵਾਸੀ ਖ਼ਿਲਾਫ਼ ਸੰਘੀ ਹਥਿਆਰ ਅਪਰਾਧ ਦਾ ਕੇਸ ਦਰਜ ਕੀਤਾ ਗਿਆ ਹੈ। ਸੰਘੀ ਸ਼ਿਕਾਇਤ ਅਨੁਸਾਰ 38 ਸਾਲਾ ਜੀਨੀਨ ਜੌਨ ਟਾਏਲੇ ਉੱਤੇ ਬਿਨਾਂ ਰਜਿਸਟਰੇਸ਼ਨ ਵਾਲੀ ਛੋਟੀ ਨਲੀ ਦੀ ਰਾਈਫਲ ਰੱਖਣ ਦਾ ਦੋਸ਼ ਲਗਾਇਆ ਗਿਆ ਹੈ। ਦੋਸ਼ ਸਾਬਤ ਹੋਣ ਦੀ ਸੂਰਤ ਵਿਚ ਉਸ ਨੂੰ ਵੱਧ ਤੋਂ ਵੱਧ 10 ਸਾਲ ਦੀ ਸੰਘੀ ਕੈਦ ਹੋ ਸਕਦੀ ਹੈ। ਅਧਿਕਾਰੀਆਂ ਮੁਤਾਬਕ 31 ਜੁਲਾਈ ਨੂੰ ਰਾਸ਼ਟਰਪਤੀ ਟਰੰਪ ਦੀ 4 ਅਗਸਤ ਦੀ ਫੇਰੀ ਤੋਂ ਪਹਿਲਾਂ ਸੰਘੀ ਏਜੰਟ ਰੈਂਚੋ ਪਾਲੋਸ ਵਰਡੇਸ ਸਥਿਤ ਗੋਲਫ ਕਲੱਬ ਵਿਚ ਸੁਰੱਖਿਆ ਮੁਲਾਂਕਣ ਕਰ ਰਹੇ ਸਨ। ਇਸ ਦੌਰਾਨ ਟਾਏਲੇ ਨੂੰ ਗੋਲਫ ਮੈਦਾਨ ਵਿਚ ਘੁੰਮਦੇ, ਕੰਨ ਵਿਚ ਸੰਚਾਰ ਯੰਤਰ ਪਹਿਨੇ ਅਤੇ ਸੁਰੱਖਿਆ ਤਿਆਰੀਆਂ ਦੀਆਂ ਤਸਵੀਰਾਂ ਤੇ ਵੀਡੀਓ ਬਣਾਉਂਦੇ



ਦੇਖਿਆ ਗਿਆ। ਉਹ 2 ਅਗਸਤ ਨੂੰ ਦੁਬਾਰਾ ਗੋਲਫ ਕਲੱਬ ਪਹੁੰਚਿਆ ਅਤੇ ਕਥਿਤ ਤੌਰ 'ਤੇ ਆਪਣੇ ਆਪ ਨੂੰ ਵਿਦੇਸ਼ ਵਿਭਾਗ ਦਾ ਕਰਮਚਾਰੀ ਅਤੇ ਸੁਰੱਖਿਆ ਡਿਊਟੀ ਉੱਤੇ ਤਾਇਨਾਤ ਦੱਸਿਆ। ਉਸ ਨੇ ਏਜੰਟਾਂ ਨੂੰ ਆਪਣੀ ਗੱਡੀ ਵਿਚ ਲੋਡਿਡ ਹਥਿਆਰ ਹੋਣ ਦੀ ਜਾਣਕਾਰੀ ਵੀ ਦਿੱਤੀ। ਲਾਸ ਏਂਜਲਸ ਕਾਊਂਟੀ ਸ਼ੈਰਿਫ ਵਿਭਾਗ ਦੇ ਅਧਿਕਾਰੀਆਂ ਨੇ ਉਸ ਨੂੰ ਹਿਰਾਸਤ ਵਿਚ ਲਿਆ ਅਤੇ ਉਸ ਦੀਆਂ ਜੇਬਾਂ ਵਿਚੋਂ ਖੋਖਲੀ ਨੋਕ ਵਾਲੀਆਂ ਗੋਲੀਆਂ ਨਾਲ ਭਰੀ 16 ਗੋਲੀਆਂ ਦੀ ਮੈਗਜ਼ੀਨ ਮਿਲੀ। ਉਸ ਦੀ ਪਿਕਅੱਪ ਗੱਡੀ ਵਿਚੋਂ ਲੋਡਿਡ 9 ਮਿਲੀਮੀਟਰ ਪਿਸਤੌਲ, ਦੂਰਬੀਨ ਅਤੇ "ਸਕਿਓਰਿਟੀ ਪ੍ਰੋਟੈਕਸ਼ਨ ਏਜੰਟ" ਲਿਖਿਆ ਬੈਜ ਬਰਾਮਦ ਕੀਤਾ ਗਿਆ। ਅਗਲੇ ਦਿਨ ਉਸ ਦੇ ਘਰ ਦੀ ਤਲਾਸ਼ੀ ਦੌਰਾਨ ਗੈਰਕਾਨੂੰਨੀ ਤੌਰ 'ਤੇ ਸੋਧੀ ਗਈ ਏਆਰ ਕਿਸਮ ਦੀ ਰਾਈਫਲ, ਹੋਰ ਹਥਿਆਰ, ਸਰੀਰਕ ਸੁਰੱਖਿਆ ਕਵਚ, ਵੱਡੀ ਸਮਰੱਥਾ ਵਾਲੀਆਂ ਮੈਗਜ਼ੀਨਾਂ, ਰੇਡੀਓ ਸੰਕੇਤ ਯੰਤਰ ਅਤੇ ਚਿੰਤਾਜਨਕ ਲਿਖਤਾਂ ਵਾਲੀਆਂ ਕਾਪੀਆਂ ਮਿਲਣ ਦਾ ਦਾਅਵਾ ਕੀਤਾ ਗਿਆ ਹੈ।

# ਅਮਰੀਕਾ ਵੱਲੋਂ ਨਸ਼ਾ ਤਸਕਰੀ ਗਿਰੋਹ ਦੇ 8 ਆਗੂਆਂ 'ਤੇ 10 ਕਰੋੜ 20 ਲੱਖ ਡਾਲਰ ਦੇ ਇਨਾਮ

## ਅਮਰੀਕੀ ਵਿਦੇਸ਼ ਵਿਭਾਗ ਨੇ 65 ਵਿਅਕਤੀਆਂ 'ਤੇ ਵੀਜ਼ਾ ਪਾਬੰਦੀਆਂ ਵੀ ਲਗਾਈਆਂ

**ਵਾਸ਼ਿੰਗਟਨ ਸਾਂਝੀ ਸੋਚ ਬਿਊਰੋ**

ਅਮਰੀਕੀ ਸਰਕਾਰ ਨੇ ਮੈਕਸੀਕੋ ਦੇ ਬਦਨਾਮ ਅਤੇ ਖ਼ਤਰਨਾਕ ਨਸ਼ਾ ਤਸਕਰੀ ਗਿਰੋਹ ਕਾਰਟੇਲ ਡੇ ਜਾਲਿਸਕੋ ਨੁਏਵਾ ਜਨੇਰਾਸਿਓਨ, ਜਿਸ ਨੂੰ ਸੀ.ਜੇ.ਐੱਨ.ਜੀ. ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਖ਼ਿਲਾਫ਼ ਇੱਕ ਵੱਡੀ ਅਤੇ ਫੈਸਲਾਕੁੰਨ ਕਾਰਵਾਈ ਦਾ ਐਲਾਨ ਕੀਤਾ ਹੈ।
ਅਮਰੀਕੀ ਵਿਦੇਸ਼ ਵਿਭਾਗ ਨੇ ਇਸ ਸੰਗਠਨ ਦੇ ਅੱਠ ਪ੍ਰਮੁੱਖ ਆਗੂਆਂ ਅਤੇ ਸਹਿਯੋਗੀਆਂ ਦੀ ਗ੍ਰਿਫ਼ਤਾਰੀ ਜਾਂ ਸਜ਼ਾ ਤੱਕ ਪਹੁੰਚਾਉਣ ਵਾਲੀ ਜਾਣਕਾਰੀ ਲਈ ਕੁੱਲ 10 ਕਰੋੜ 20 ਲੱਖ ਡਾਲਰ ਤੱਕ ਦੇ ਇਨਾਮ ਰੱਖੇ ਹਨ। ਇਸ ਦੇ ਨਾਲ ਹੀ ਸੀ.ਜੇ.ਐੱਨ.ਜੀ. ਨਾਲ ਜੁੜੇ ਵਿਅਕਤੀਆਂ ਦੇ ਪਰਿਵਾਰਕ ਮੈਂਬਰਾਂ, ਨਜ਼ਦੀਕੀ ਸਾਥੀਆਂ ਅਤੇ ਕਾਰੋਬਾਰੀ ਸਹਿਯੋਗੀਆਂ ਸਮੇਤ 65 ਲੋਕਾਂ ਉੱਤੇ ਅਮਰੀਕਾ 'ਚ ਦਾਖ਼ਲੇ ਸਬੰਧੀ ਵੀਜ਼ਾ ਪਾਬੰਦੀਆਂ ਲਗਾਈਆਂ ਗਈਆਂ ਹਨ।
ਅਮਰੀਕੀ ਵਿਦੇਸ਼ ਵਿਭਾਗ ਦੇ ਅੰਤਰਰਾਸ਼ਟਰੀ ਨਾਰਕੋਟਿਕਸ ਅਤੇ ਕਾਨੂੰਨ ਲਾਗੂ ਕਰਨ ਦੇ ਮਾਮਲਿਆਂ ਬਾਰੇ ਬਿਊਰੋ ਨੇ ਕਿਹਾ ਹੈ ਕਿ ਇਹ ਕਾਰਵਾਈ ਨਾਰਕੋਟਿਕਸ ਰਿਵਾਰਡਜ਼ ਪ੍ਰੋਗਰਾਮ ਅਤੇ ਟਰਾਂਸਨੈਸ਼ਨਲ ਆਰਗੇਨਾਈਜ਼ਡ ਕ੍ਰਾਈਮ ਰਿਵਾਰਡਜ਼ ਪ੍ਰੋਗਰਾਮ ਅਧੀਨ ਕੀਤੀ ਗਈ ਹੈ। ਇਹ ਇਨਾਮ ਅਮਰੀਕੀ ਨਿਆਂ ਵਿਭਾਗ, ਡਰੱਗ ਇਨਫੋਰਸਮੈਂਟ ਐਡਮਿਨਿਸਟ੍ਰੇਸ਼ਨ, ਐੱਫ.ਬੀ.ਆਈ., ਹੋਮਲੈਂਡ ਸਕਿਓਰਿਟੀ ਇਨਵੈਸਟੀਗੇਸ਼ਨਜ਼, ਆਈ.ਆਰ.ਐੱਸ., ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ ਅਤੇ ਨੈਸ਼ਨਲ ਕੋਆਰਡੀਨੇਸ਼ਨ ਸੈਂਟਰ ਨਾਲ ਤਾਲਮੇਲ ਕਰਕੇ ਐਲਾਨੇ ਗਏ ਹਨ।
ਅਮਰੀਕੀ ਸਰਕਾਰ ਮੁਤਾਬਕ ਸੀ.ਜੇ.ਐੱਨ.ਜੀ. ਪੱਛਮੀ ਗੋਲਾਰਧ ਦੇ ਸਭ ਤੋਂ ਹਿੰਸਕ ਅਤੇ ਖ਼ਤਰਨਾਕ ਨਸ਼ਾ ਤਸਕਰੀ ਸੰਗਠਨਾਂ ਵਿਚੋਂ ਇੱਕ ਹੈ। ਇਸ ਗਿਰੋਹ ਉੱਤੇ ਫੈਂਟਾਨਿਲ, ਕੋਕੀਨ, ਹੈਰੋਇਨ ਅਤੇ ਮੈਥਐਂਫੈਟਾਮੀਨ ਵਰਗੇ ਘਾਤਕ ਨਸ਼ਿਆਂ ਦੀ ਤਸਕਰੀ ਕਰਕੇ ਅਮਰੀਕੀ ਭਾਈਚਾਰਿਆਂ ਨੂੰ ਨੁਕਸਾਨ ਪਹੁੰਚਾਉਣ ਦੇ ਦੋਸ਼ ਹਨ। ਟਰੰਪ ਪ੍ਰਸ਼ਾਸਨ ਨੇ ਪਿਛਲੇ ਸਾਲ ਸੀ.ਜੇ.ਐੱਨ.ਜੀ. ਨੂੰ ਵਿਦੇਸ਼ੀ ਅੱਤਵਾਦੀ ਸੰਗਠਨ ਅਤੇ ਵਿਸ਼ੇਸ਼ ਤੌਰ 'ਤੇ ਨਾਮਜ਼ਦ ਵਿਸ਼ਵ ਅੱਤਵਾਦੀ ਸੰਗਠਨ ਐਲਾਨਿਆ ਸੀ।
ਇਨਾਮਾਂ ਦੇ ਨਾਲ ਅਮਰੀਕੀ ਵਿਦੇਸ਼ ਵਿਭਾਗ ਨੇ 65 ਵਿਅਕਤੀਆਂ 'ਤੇ ਵੀਜ਼ਾ ਪਾਬੰਦੀਆਂ ਵੀ ਲਗਾਈਆਂ




ਹਨ। ਇਹ ਵਿਅਕਤੀ ਉਨ੍ਹਾਂ ਲੋਕਾਂ ਦੇ ਪਰਿਵਾਰਕ ਮੈਂਬਰ, ਨਜ਼ਦੀਕੀ ਨਿੱਜੀ ਸਾਥੀ ਜਾਂ ਕਾਰੋਬਾਰੀ ਭਾਈਵਾਲ ਦੱਸੇ ਗਏ ਹਨ, ਜਿਨ੍ਹਾਂ ਦੇ ਸੀ.ਜੇ.ਐੱਨ.ਜੀ. ਨਾਲ ਸਬੰਧ ਹਨ ਅਤੇ ਜਿਨ੍ਹਾਂ ਉੱਤੇ ਗੈਰਕਾਨੂੰਨੀ ਵਿਸ਼ਵ ਨਸ਼ਾ ਵਪਾਰ ਵਿੱਚ ਸ਼ਾਮਲ ਹੋਣ ਕਾਰਨ ਪਹਿਲਾਂ ਹੀ ਅਮਰੀਕੀ ਪਾਬੰਦੀਆਂ ਲੱਗੀਆਂ ਹੋਈਆਂ ਹਨ। ਇਨ੍ਹਾਂ 65 ਵਿਅਕਤੀਆਂ ਵਿੱਚੋਂ 26 ਕੋਲ ਪਹਿਲਾਂ ਤੋਂ ਅਮਰੀਕੀ ਵੀਜ਼ੇ ਸਨ, ਜਿਨ੍ਹਾਂ ਨੂੰ ਹੁਣ ਰੱਦ ਕਰ ਦਿੱਤਾ ਗਿਆ ਹੈ।





RE/MAX EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

**Kirandeep Kaur**
Realtor ®
CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED


ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਹਿ
SIKH GURDWARA - SAN JOSE
ਵਿਸ਼ਾਲ ਗੁਰਮਤਿ ਸਮਾਗਮ
ਅਮਰੀਕਾ ਦੀ ਧਰਤੀ 'ਤੇ ਸਥਿਤ
SAN JOSE ਗੁਰਦੁਆਰਾ ਸਾਹਿਬ, ਕੈਲੀਫੋਰਨੀਆ ਵਿਖੇ
ਇੱਕ ਵਿਸ਼ਾਲ ਗੁਰਮਤਿ ਸਮਾਗਮ ਦਾ ਆਯੋਜਨ ਕੀਤਾ ਜਾ ਰਿਹਾ ਹੈ।
ਇਸ ਪਾਵਨ ਸਮਾਗਮ ਵਿੱਚ
ਭਾਈ ਰਣਜੀਤ ਸਿੰਘ ਜੀ ਖਾਲਸਾ ਢੱਡਰੀਆਂ ਵਾਲੇ
ਪਾਵਨ ਗੁਰਬਾਣੀ ਕੀਰਤਨ ਅਤੇ ਗੁਰਮਤਿ ਵਿਚਾਰਾਂ ਰਾਹੀਂ
ਸੰਗਤਾਂ ਨੂੰ ਨਿਹਾਲ ਕਰਨਗੇ।
ਸਮਾਗਮ ਦੀਆਂ ਮਿਤੀਆਂ
7 ਅਤੇ 8 ਅਗਸਤ 2026
ਸ਼ਾਮ 6:00 ਵਜੇ ਤੋਂ 9:00 ਵਜੇ ਤੱਕ
ਸਮਾਗਮ ਦੀਆਂ ਮਿਤੀਆਂ
9 ਅਗਸਤ 2026
ਸਵੇਰੇ 11:00 ਵਜੇ ਤੋਂ ਦੁਪਹਿਰ 2:00 ਵਜੇ ਤੱਕ
ਸਥਾਨ
3636 Gurdwara Avenue
San Jose, Cailforina
ਜੇ ਤੁਸੀਂ ਕੈਲੀਫੋਰਨੀਆ ਜਾਂ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਰਹਿੰਦੇ ਹੋ
ਤਾਂ ਆਪਣੇ ਪਰਿਵਾਰ ਅਤੇ ਬੱਚਿਆਂ ਸਮੇਤ ਇਸ ਪਾਵਨ ਗੁਰਮਤਿ ਸਮਾਗਮ ਵਿੱਚ ਜ਼ਰੂਰ ਪਹੁੰਚੋ
ਅਤੇ ਗੁਰਬਾਣੀ ਦੇ ਰਸ ਨਾਲ ਆਪਣਾ ਜੀਵਨ ਧੰਨ ਬਣਾਓ।
ਹੋਰ ਜਾਣਕਾਰੀ ਲਈ ਸੰਪਰਕ ਕਰੋ: +1(408) 274-9373
ਆਓ... ਗੁਰੂ ਚਰਨਾਂ ਵਿੱਚ ਸੀਸ ਨਿਵਾਈਏ, ਗੁਰਬਾਣੀ ਦਾ ਰਸ ਮਾਣੀਏ ਅਤੇ ਆਪਣੇ ਜੀਵਨ ਨੂੰ ਗੁਰੂ ਦੇ ਉਪਦੇਸ਼ਾਂ ਨਾਲ ਰੌਸ਼ਨ ਕਰੀਏ।


ONLY WAY TO GROW YOUR BUSINESS FASTER
BNG
(Business Network Gateway)
We work for you to
Boost Your Business
VIDEO ADVERTISEMENTS
We make professional video advertisements for your business in Punjabi, Hindi & English
POSTERS DESIGN
We design flyers, Posters and Post Cards to promote your business
BUSINESS CARD DESIGN
WE DESIGN YOUR BUSINESS CARD
SOCIAL MEDIA HANDLERS
We can manage your Business social media handlers Facebook, instagram & YouTube
24/7 TECH SUPPORT
We provide 24/7 tech support
CUSTOMER SERVICE
For more information call
Boota Singh Basi +1 (209) 303-1260

# ਸ਼ੇਖ ਹਸੀਨਾ ਦੀ ਦਿੱਲੀ ਪ੍ਰੈਸ ਕਾਨਫਰੰਸ 'ਤੇ ਬੰਗਲਾਦੇਸ਼ ਸਰਕਾਰ ਨੇ ਜਤਾਇਆ ਸਖ਼ਤ ਇਤਰਾਜ਼

ਢਾਕਾ
ਸਾਂਝੀ ਸੋਚ ਬਿਊਰੋ



ਬੰਗਲਾਦੇਸ਼ ਸਰਕਾਰ ਨੇ ਨਵੀਂ ਦਿੱਲੀ ਵਿੱਚ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਵੱਲੋਂ ਕੀਤੀ ਗਈ ਪ੍ਰੈਸ ਕਾਨਫਰੰਸ 'ਤੇ ਸਖ਼ਤ ਇਤਰਾਜ਼ ਜਤਾਇਆ ਹੈ। ਸਰਕਾਰ ਨੇ ਇੱਕ ਬਿਆਨ ਜਾਰੀ ਕਰਦਿਆਂ ਇਸ ਘਟਨਾ 'ਤੇ ਨਾਰਾਜ਼ਗੀ ਪ੍ਰਗਟ ਕੀਤੀ ਹੈ। ਬੰਗਲਾਦੇਸ਼ ਸਰਕਾਰ ਨੇ ਆਪਣੇ ਬਿਆਨ ਵਿੱਚ ਕਿਹਾ, "ਬੰਗਲਾਦੇਸ਼ ਇਸ ਗੱਲ ਤੋਂ ਨਾਰਾਜ਼ ਹੈ ਕਿ ਭਗੌੜੇ ਦੋਸ਼ੀ ਅਤੇ ਨਸਲਕੁਸ਼ੀ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੀ ਸ਼ੇਖ ਹਸੀਨਾ ਨੂੰ 5 ਅਗਸਤ ਦੀ ਸ਼ਾਮ ਨਵੀਂ ਦਿੱਲੀ ਵਿੱਚ ਮੀਡੀਆ ਨਾਲ ਲਾਈਵ ਗੱਲਬਾਤ ਕਰਨ ਦੀ ਇਜਾਜ਼ਤ ਦਿੱਤੀ ਗਈ, ਜਿੱਥੇ ਉਨ੍ਹਾਂ ਅਤੇ ਉਨ੍ਹਾਂ ਦੇ ਸਾਥੀਆਂ ਨੇ ਬੰਗਲਾਦੇਸ਼ ਅਤੇ ਉਸ ਦੇ ਲੋਕਾਂ ਵਿਰੁੱਧ ਜ਼ਹਿਰੀਲੀਆਂ ਟਿੱਪਣੀਆਂ ਕੀਤੀਆਂ।"ਬੰਗਲਾਦੇਸ਼ ਸਰਕਾਰ ਨੇ ਇਸ ਘਟਨਾ ਨੂੰ ਗੰਭੀਰ ਮੰਨਦਿਆਂ ਭਾਰਤ ਅੱਗੇ ਆਪਣਾ ਸਖ਼ਤ ਵਿਰੋਧ ਦਰਜ ਕਰਵਾਇਆ ਹੈ। ਇਹ ਬਿਆਨ ਦੋਵਾਂ ਦੇਸ਼ਾਂ ਦੇ ਕੂਟਨੀਤਿਕ ਸਬੰਧਾਂ ਦੇ ਮੱਦੇਨਜ਼ਰ ਵੀ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ।ਦੱਸ ਦਈਏ ਕਿ ਬੀਤੇ ਦਿਨ ਬੰਗਲਾਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੇ ਦੋ ਸਾਲਾਂ ਬਾਅਦ ਬੁੱਧਵਾਰ ਨੂੰ ਵਰਚੁਅਲੀ ਰਾਸ਼ਟਰ ਨੂੰ ਸੰਬੋਧਨ ਕੀਤਾ। ਜਦੋਂ ਉਹ ਬੋਲ ਰਹੀ ਸੀ ਤਾਂ ਉਨ੍ਹਾਂ ਦਾ ਕੈਮਰਾ ਬੰਦ ਸੀ। ਆਪਣੇ 25 ਮਿੰਟ ਦੇ ਭਾਸ਼ਣ ਵਿੱਚ, ਉਨ੍ਹਾਂ ਨੇ ਕਿਹਾ: ਮੈਂ ਜਾਣਦੀ ਹਾਂ ਕਿ ਉਹ ਮੈਨੂੰ ਜੇਲ੍ਹ ਵਿੱਚ ਸੁੱਟ ਸਕਦੇ ਹਨ ਜਾਂ ਮਾਰ ਵੀ ਸਕਦੇ ਹਨ, ਪਰ ਮੈਂ ਦਸੰਬਰ ਵਿੱਚ ਬੰਗਲਾਦੇਸ਼ ਵਾਪਸ ਜਾਵਾਂਗੀ। ਲੋਕਾਂ ਦਾ ਸਮਰਥਨ ਮੇਰੇ ਲਈ ਬਹੁਤ ਮਹੱਤਵਪੂਰਨ ਹੈ। ਮੌਤ ਦੀ ਸਜ਼ਾ, ਝੂਠੇ ਮਾਮਲੇ ਅਤੇ ਝੂਠੇ ਮੁਕੱਦਮੇ ਮੈਨੂੰ ਨਹੀਂ ਰੋਕ ਸਕਣਗੇ। ਮੇਰੇ ਵਿਰੁੱਧ ਕਾਨੂੰਨੀ ਕਾਰਵਾਈ ਗੈਰ-ਕਾਨੂੰਨੀ, ਗੈਰ-ਸੰਵਿਧਾਨਕ ਅਤੇ ਰਾਜਨੀਤਿਕ ਤੌਰ 'ਤੇ ਪ੍ਰੇਰਿਤ ਹੈ।ਉੱਥੇ ਹੀ ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਜਵਾਬ ਦਿੱਤਾ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ, "ਜਿਸ ਪ੍ਰੋਗਰਾਮ ਦਾ ਤੁਸੀਂ ਜ਼ਿਕਰ ਕਰ ਰਹੇ ਹੋ, ਉਹ ਇੱਕ ਨਿੱਜੀ ਮੀਡੀਆ ਸੰਗਠਨ ਦੁਆਰਾ ਆਯੋਜਿਤ ਕੀਤਾ ਜਾ ਰਿਹਾ ਹੈ। ਭਾਰਤ ਸਰਕਾਰ ਦੀ ਇਸ ਵਿੱਚ ਕੋਈ ਭੂਮਿਕਾ ਨਹੀਂ ਹੈ। ਸਰਕਾਰ ਇਸ ਪ੍ਰੋਗਰਾਮ ਵਿੱਚ ਪ੍ਰਗਟ ਕੀਤੇ ਗਏ ਕਿਸੇ ਵੀ ਵਿਚਾਰ ਦਾ ਸਮਰਥਨ ਨਹੀਂ ਕਰਦੀ ਹੈ।"

# ਅਤੀਕ ਅਹਿਮਦ ਦੇ ਸਭ ਤੋਂ ਛੋਟੇ ਪੁੱਤ ਦੀ ਸੜਕ ਹਾਦਸੇ 'ਚ ਮੌਤ



ਕਾਨਪੁਰ
ਸਾਂਝੀ ਸੋਚ ਬਿਊਰੋ

ਮਾਫੀਆ ਡੌਨ ਅਤੇ ਸਾਬਕਾ ਸੰਸਦ ਮੈਂਬਰ ਅਤੀਕ ਅਹਿਮਦ ਦੇ ਸਭ ਤੋਂ ਛੋਟੇ ਪੁੱਤ ਅਬਾਨ ਅਹਿਮਦ ਦੀ ਸੜਕ ਹਾਦਸੇ ਵਿੱਚ ਮੌਤ ਹੋਣ ਦੀ ਖ਼ਬਰ ਸਸਹਮਨੇ ਆ ਰਹੀ ਹੈ। ਇਹ ਹਾਦਸਾ ਝਾਂਸੀ-ਕਾਨਪੁਰ ਰਾਸ਼ਟਰੀ ਰਾਜਮਾਰਗ 'ਤੇ ਪੁੰਛ ਪੁਲਿਸ ਸਟੇਸ਼ਨ ਖੇਤਰ ਦੇ ਨੇੜੇ ਵਾਪਰਿਆ। ਤੇਜ਼ ਰਫ਼ਤਾਰ ਕਾਰ ਬੇਕਾਬੂ ਹੋ ਕੇ ਹਾਈਵੇਅ ਦੇ ਡਿਵਾਈਡਰ ਨਾਲ ਟਕਰਾ ਗਈ। ਟੱਕਰ ਇੰਨੀ ਜ਼ਬਰਦਸਤ ਸੀ ਕਿ ਕਾਰ ਦਾ ਅਗਲਾ ਹਿੱਸਾ ਬੁਰੀ ਤਰ੍ਹਾਂ ਨੁਕਸਾਨਿਆ ਗਿਆ।ਇਸ ਹਾਦਸੇ 'ਚ ਅਬਾਨ ਦੇ ਇੱਕ ਹੋਰ ਸਾਥੀ (ਸੋਨੂ) ਦੀ ਵੀ ਮੌਤ ਹੋ ਗਈ, ਜਦੋਂ ਕਿ ਤਿੰਨ ਹੋਰ ਨੌਜਵਾਨ ਗੰਭੀਰ ਜ਼ਖਮੀ ਹੋ ਗਏ।

ਜ਼ਖਮੀਆਂ ਨੂੰ ਇਲਾਜ ਲਈ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਸੂਚਨਾ ਮਿਲਣ 'ਤੇ ਪੁਲਿਸ ਮੌਕੇ 'ਤੇ ਪਹੁੰਚੀ ਅਤੇ ਬਚਾਅ ਅਤੇ ਰਾਹਤ ਕਾਰਜ ਸ਼ੁਰੂ ਕੀਤੇ। ਪੁਲਿਸ ਅਤੇ ਰਾਹਗੀਰ ਮੌਕੇ 'ਤੇ ਪਹੁੰਚੇ ਅਤੇ ਸਾਰਿਆਂ ਨੂੰ ਬਾਹਰ ਕੱਢਣ ਲਈ ਕਾਰ ਦਾ ਦਰਵਾਜ਼ਾ ਤੋੜ ਦਿੱਤਾ ਗਿਆ। ਅ
ਗਲੀ ਸੀਟ 'ਤੇ ਬੈਠੇ ਅਬਾਨ ਅਤੇ ਕਾਰ ਚਲਾ ਰਹੇ ਸੋਨੂੰ ਦੀ ਮੌਕੇ 'ਤੇ ਹੀ ਮੌਤ ਹੋ ਗਈ। ਬਾਕੀ ਤਿੰਨ ਜ਼ਖਮੀਆਂ, ਉਮਰ ਅਹਿਮਦ, ਮੁਹੰਮਦ ਜ਼ੈਦ ਅਤੇ ਅਸਲਮ ਨੂੰ ਜ਼ਿਲ੍ਹਾ ਹਸਪਤਾਲ ਲਿਜਾਇਆ ਗਿਆ, ਜਿੱਥੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ।

ਅਬਾਨ ਦੇ ਜ਼ਖਮੀ ਦੋਸਤ ਨੇ ਕਿਹਾ ਕਿ ਹਾਈਵੇਅ 'ਤੇ ਇੱਟਾਂ ਸਨ, ਜਿਸ ਕਾਰਨ ਕਾਰ ਆਊਟ ਆਫ ਕੰਟਰੋਲ ਹੋ ਗਈ। ਜਦ ਕਿ ਪੁਲਿਸ ਦਾ ਕਹਿਣਾ ਹੈ ਕਿ ਕਾਰ ਤੇਜ਼ ਰਫ਼ਤਾਰ ਨਾਲ ਚੱਲ ਰਹੀ ਸੀ ਅਤੇ ਹਾਈਵੇਅ 'ਤੇ ਅਚਾਨਕ ਦਿਖਾਈ ਦੇਣ ਵਾਲੇ ਇੱਕ ਜਾਨਵਰ ਤੋਂ ਬਚਣ ਦੀ ਕੋਸ਼ਿਸ਼ ਕਰਦੇ ਹੋਏ ਡਿਵਾਈਡਰ ਨਾਲ ਟਕਰਾ ਗਈ।

# ਬੰਗਲਾਦੇਸ਼ ਦੇ ਸਾਬਕਾ ਕ੍ਰਿਕਟਰ ਸ਼ਾਕਿਬ ਅਲ ਹਸਨ ਦੇ ਘਰ 'ਤੇ ਹਮਲਾ

ਢਾਕਾ
ਸਾਂਝੀ ਸੋਚ ਬਿਊਰੋ



ਬੰਗਲਾਦੇਸ਼ ਕ੍ਰਿਕਟ ਟੀਮ ਦੇ ਸਾਬਕਾ ਕਪਤਾਨ ਅਤੇ ਅਵਾਮੀ ਲੀਗ ਦੇ ਸਾਬਕਾ ਸੰਸਦ ਮੈਂਬਰ ਸ਼ਾਕਿਬ ਅਲ ਹਸਨ ਦੇ ਮਾਗੁਰਾ ਸ਼ਹਿਰ ਵਿੱਚ ਸਥਿਤ ਘਰ 'ਤੇ ਹਮਲਾ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਸਾਬਕਾ ਕ੍ਰਿਕਟਰ ਸ਼ਾਕਿਬ ਅਲ ਹਸਨ ਦੇ ਘਰ 'ਤੇ ਹਮਲਾ ਉਨ੍ਹਾਂ ਵੱਲੋਂ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਵੱਲੋਂ ਕੀਤੀ ਗਈ ਵਰਚੁਅਲ ਪ੍ਰੈਸ ਕਾਨਫਰੰਸ ਵਿੱਚ ਸ਼ਾਮਲ ਹੋਣ ਤੋਂ ਕੁਝ ਘੰਟਿਆਂ ਬਾਅਦ ਹੀ ਹੋਇਆ।

ਸ਼ਾਕਿਬ ਦੇ ਘਰ 'ਤੇ ਹਮਲਾ ਰਾਤ 8:45 ਤੋਂ 9 ਵਜੇ ਦੇ ਵਿਚਕਾਰ ਹੋਇਆ। ਮਾਗੁਰਾ ਸਦਰ ਪੁਲਿਸ ਅਧਿਕਾਰੀ ਮੁਹੰਮਦ ਅਬਦੁੱਲਾ ਅਲ ਮਾਮੂਨ ਨੇ ਕਿਹਾ ਕਿ ਕੁਝ ਬਦਮਾਸ਼ਾਂ ਨੇ ਪੱਥਰ ਸੁੱਟੇ ਅਤੇ ਖਿੜਕੀਆਂ ਤੋੜ ਦਿੱਤੀਆਂ। ਹਮਲਾਵਰਾਂ ਨੇ ਘਰ ਨੂੰ ਅੱਗ ਲਗਾਉਣ ਦੀ ਕੋਸ਼ਿਸ਼ ਕੀਤੀ। ਦਾਅਵਾ ਕੀਤਾ ਜਾ ਰਿਹਾ ਹੈ ਕਿ ਉਹ ਇਸ ਮਕਸਦ ਲਈ ਕੋਲਡ ਡਰਿੰਕ ਦੀਆਂ ਬੋਤਲਾਂ ਵਿੱਚ ਪੈਟਰੋਲ ਭਰ ਕੇ ਲੈ ਕੇ ਆਏ ਸਨ। ਖੁਸ਼ਕਿਸਮਤੀ ਨਾਲ, ਹਮਲੇ ਸਮੇਂ ਘਰ ਖਾਲੀ ਸੀ, ਇਸ ਲਈ ਕੋਈ ਜ਼ਖਮੀ ਨਹੀਂ ਹੋਇਆ। ਸ਼ਾਕਿਬ ਇਸ ਸਮੇਂ ਸ੍ਰੀਲੰਕਾ ਵਿੱਚ ਹੈ। ਘਟਨਾ ਤੋਂ ਬਾਅਦ ਪੁਲਿਸ ਬਲ ਤਾਇਨਾਤ ਕਰ ਦਿੱਤੇ ਗਏ ਹਨ।

# ਜਬਰ ਜਨਾਹ ਮਾਮਲੇ 'ਚ ਤਰੁਣ ਤੇਜਪਾਲ ਨੂੰ ਵੱਡਾ ਝਟਕਾ ਹਾਈ ਕੋਰਟ ਨੇ ਸੁਣਾਈ 10 ਸਾਲ ਦੀ ਸਜ਼ਾ

ਰਈਆ
ਸਾਂਝੀ ਸੋਚ ਬਿਊਰੋ


ਸਾਲ 2013 ਦੇ ਚਰਚਿਤ ਜਿਨਸੀ ਸ਼ੋਸ਼ਣ ਮਾਮਲੇ ਵਿੱਚ 'ਤਹਿਲਕਾ' ਮੈਗਜ਼ੀਨ ਦੇ ਸਾਬਕਾ ਐਡੀਟਰ-ਇਨ-ਚੀਫ਼ ਤਰੁਣ ਤੇਜਪਾਲ ਨੂੰ ਵੱਡਾ ਝਟਕਾ ਲੱਗਾ ਹੈ। ਬੰਬੇ ਹਾਈ ਕੋਰਟ ਨੇ ਹੇਠਲੀ ਅਦਾਲਤ ਵੱਲੋਂ ਉਨ੍ਹਾਂ ਨੂੰ ਬਰੀ ਕੀਤੇ ਜਾਣ ਦੇ ਫ਼ੈਸਲੇ ਨੂੰ ਰੱਦ ਕਰ ਦਿੱਤਾ। ਇਸ ਦੇ ਨਾਲ ਹੀ ਤੇਜਪਾਲ ਨੂੰ ਜਬਰ-ਜ਼ਨਾਹ ਦੇ ਮਾਮਲੇ ਵਿੱਚ ਦੋਸ਼ੀ ਕਰਾਰ ਦਿੱਤਾ ਅਤੇ 10 ਸਾਲ ਜੇਲ੍ਹ ਦੀ ਸਜ਼ਾ ਸੁਣਾਈ ਹੈ । ਇਸ ਫ਼ੈਸਲੇ 'ਤੇ ਤਰੁਣ ਤੇਜਪਾਲ ਨੇ ਕਿਹਾ ਕਿ ਉਹ ਯਕੀਨਨ ਸੁਪਰੀਮ ਕੋਰਟ ਦਾ ਰੁਖ ਕਰਨਗੇ।ਇਸ ਤੋਂ ਪਹਿਲਾਂ ਮਈ 2021 ਵਿੱਚ ਗੋਆ ਦੀ ਟ੍ਰਾਇਲ ਕੋਰਟ ਨੇ ਸਬੂਤਾਂ ਦੀ ਘਾਟ ਕਾਰਨ ਤੇਜਪਾਲ ਨੂੰ ਬਰੀ ਕਰ ਦਿੱਤਾ ਸੀ। ਮਾਮਲਾ ਨਵੰਬਰ 2013 ਦਾ ਹੈ। ਤਹਿਲਕਾ ਦੀ ਇੱਕ ਮਹਿਲਾ ਪੱਤਰਕਾਰ ਨੇ ਦੋਸ਼ ਲਗਾਇਆ ਸੀ ਕਿ ਗੋਆ ਵਿੱਚ ਆਯੋਜਿਤ 'ਥਿੰਕ ਫੈਸਟ' ਦੌਰਾਨ 7



ਅਤੇ 8 ਨਵੰਬਰ ਦੀ ਰਾਤ ਨੂੰ ਹੋਟਲ ਦੀ ਲਿਫ਼ਟ ਵਿੱਚ ਤਰੁਣ ਤੇਜਪਾਲ ਨੇ ਦੋ ਵਾਰ ਉਸ ਦਾ ਜਿਨਸੀ ਸ਼ੋਸ਼ਣ ਕੀਤਾ।




SANJHA ਪੰਜਾਬ USA
SANJHA PUNJAB USA
PRESENTS
Sufi Sham
with
HANSRAJ HANS
LIVE IN USA
HANSRAJ HANS
USA TOUR
2026
SEPT 5TH, 2026 (SATURDAY) | AT 8:00 PM
The Space at Westburry
250 Post Ave, Westbury, NY 11590
BRING YOUR FAMILY & FRIENDS
DON'T MISS IT!
FOR MORE INFO:
S. Balwinder S. Bajwa | +1 (516) 852-2222




# ਗੁਰਦੁਆਰਾ ਸਾਹਿਬ San Jose

## ਕੈਲੀਫੋਰਨੀਆ (USA)

## ਅਗਸਤ 2026 ਦੇ ਵਿਸ਼ੇਸ਼ ਧਾਰਮਿਕ ਸਮਾਗਮ

**2 ਅਗਸਤ 2026 (ਐਤਵਾਰ)**
ਸਵੇਰੇ 11:30 AM – 12:30 PM

ਹਜ਼ੂਰੀ ਰਾਗੀ ਭਾਈ ਭੁਪਿੰਦਰ ਸਿੰਘ ਜੀ (ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ)
ਵੱਲੋਂ ਵਿਸ਼ੇਸ਼ ਗੁਰਬਾਣੀ ਕੀਰਤਨ

**7 ਅਗਸਤ 2026**

ਧੰਨ-ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਪਾਵਨ ਪ੍ਰਕਾਸ਼ ਪੁਰਬ
ਸਵੇਰ ਦੇ ਦੀਵਾਨ : 10:40 AM ਤੱਕ ਸ਼ਾਮ ਦੇ ਦੀਵਾਨ : 8:45 PM ਤੱਕ
**ਕੀਰਤਨ • ਕਥਾ • ਗੁਰਮਤਿ ਵੀਚਾਰ**

**22 ਅਗਸਤ 2026 (ਸ਼ਨੀਵਾਰ)**

7ਵੀਂ ਸਾਲਾਨਾ Sikh Heritage NightPayPal Park, San Jose
ਸਮਾਂ: 7:30 PM
San Jose Earthquakes vs Minnesota United FC
ਟਿਕਟ: $42 (ਫ੍ਰੀ ਬੈਗ ਸਮੇਤ)

**ਵਿਸ਼ਾਲ ਗੁਰਮਤਿ ਸਮਾਗਮ**

ਹਜ਼ੂਰੀ: ਭਾਈ ਰਣਜੀਤ ਸਿੰਘ ਜੀ ਖਾਲਸਾ (ਢੱਡਰੀਆਂ ਵਾਲੇ)
ਮਿਤੀਆਂ ਤੇ ਸਮਾਂ:-
7 & 8 ਅਗਸਤ 2026 ਸ਼ਾਮ 6:00 PM – 9:00 PM
9 ਅਗਸਤ 2026 ਸਵੇਰੇ 11:00 AM – 2:00 PM













**Address : 3636 Gurdwara Ave, San Jose, CA, 95148**
www.sanjosegurdwara.com

ਵਧੇਰੇ ਜਾਣਕਾਰੀ / ਟਿਕਟਾਂ ਲਈ ਸੰਪਰਕ ਕਰੋ Gurdwara Sahib: (408) 274-9373 ਜਸਵਿੰਦਰ ਸਿੰਘ ਨਿੱਜਰ ਜੀ: (408) 772-4211

# ਪਬਲਿਕ ਹਿਤ ਵਿਚ ਸੂਚਨਾ

ਜਿੱਥੇ ਜਿੱਥੇ ਵੀ ਇਹ ਅਵਾਜ ਪਹੁੰਚ ਰਹੀ ਹੈ ਮੈਂ ਗੁਰਦੀਪ ਸਿੰਘ ਸੰਧੂ ਹੈਮਿਓਪੈਥਿਕ ਕਨਸਲਟੈਂਟ ਉਮਰ ਦੇ ਪੰਝਤਰਵੇਂ ਸਾਲ ਵਿੱਚ ਮੇਰੀ ਮੈਡੀਕਲ ਪ੍ਰੈਕਟਿਸ ਦੇ ਪੰਜਾਹ ਸਾਲ ਪੂਰੇ ਹੋਣ ਤੇ ਅਤੇ ਇਸ ਵਕਤ ਅਮੈਰਿਕਨ ਇਕੋਨਮੀ ਦੀ ਸਭ ਤੋਂ ਮਾੜੀ ਹਾਲਤ ਹੋਣ ਕਰਕੇ ਇਹ ਐਲਾਨ ਕਰਦਾ ਹਾ ਕਿ ਹਰੇਕ ਬਿਮਾਰ ਜੋ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਗਏ ਹਨ ਤਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਿਨਾਂ ਜੋ ਵੀ ਤੁਹਾਡੀ ਜੇਬ ਇਜਾਜ਼ਤ ਦੇਵੇ ਉਹੀ ਦੇ ਕੇ ਇਲਾਜ ਕਰਵਾ ਸਕਦੇ ਹੋ। ਬੱਸ ਇੱਕ ਗੱਲ ਯਾਦ ਰੱਖਣਾ ਕਿ ਮੁਰਗੀ ਨਾ ਮਰੇ ਤੇ ਅੰਡੇ ਮਿਲਦੇ ਰਹਿਣ ਮੇਰੀ ਇਲਾਜ ਕਰਨ ਦੀ ਸਮਰੱਥਾ ਵੀ ਬਣੀ ਰਹੇ ਤੇ ਤੁਹਾਡਾ ਵੀ ਘੱਟ ਖਰਚ ਨਾਲ ਇਲਾਜ ਹੋ ਸਕੇ ।

ਕਾਲ ਕਰ ਸਕਦੇ ਹੋ 408-687-1899

ਮੇਰੇ ਵੱਲੋਂ ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ ਸੁਣਨ ਲਈ ਮੇਰਾ ਯੂ ਟਿਊਬ ਚੈਨਲ, **https://youtu.be/-DUhK3cACEU SabRangstation.com** ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 **AM** ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# INFORMATION IN PUBLIC INTREST

I, Gurdip S Sandhu Homeopathic consultant at the completion of my 50 years of medical practice and in my 75 year of age and in worst condition of American economy, I declare that any one suffering and tired of any treatment for any disease at any age call for best homeopathic treatment with economical price charges which suites to your pocket but Make sure you take the egg and still the hen survives so that I can continue serving your health needs.

To listen to my health education lecture series, go to https://youtu.be/-DUhK3cACEU, Sabrangstation.com you can listen in cars @ Radio Sabrang and Radio Parwas while driving from 5pm to 6 pm. Facebook, Youtube Radio Punjab 1310 AM tune to 3.35pm to 3.55 pm Daily in Punjabi and 4.35 to 4.55 in Hindi . TV Sanjhi Soch Monday, Wednesday  Friday in Punjabi.

## HOMEOPATHIC NATURAL MEDICINES

**When Tired of All Treatments,**
**For any Disease, at any Age**
**Try Alternative Treatment**

**Safe and Effective Medicines without any Side Effects**



**GURDIP S SANDHU**




**Consultant/Physician Since 1973**
**DHMS-Gold Medalist, BAMS, MDEH**
**Ex-Prof, Principal & CMO Medical Colleges/Hospitals in India**

**(408) 687-1899   (925) 587-1148**

**Homeopathic Medicine and Notary Consultancy**

9701 SARA ANN CT DUBLIN, CA 94568

**PRACTICE UNDER PROVISION OF ACT SB_577 STATE OF CA**

# ਭਗਵੰਤ ਮਾਨ ਸਰਕਾਰ ਵੱਲੋਂ ਅੰਮ੍ਰਿਤਸਰ ਵਿੱਚ ਬਿਹਤਰ ਸਵੱਛਤਾ ਸੇਵਾਵਾਂ ਯਕੀਨੀ ਬਣਾਉਣ ਲਈ 60 ਐਮ.ਐਲ.ਡੀ ਸੀਵਰੇਜ ਟ੍ਰੀਟਮੈਂਟ ਪਲਾਂਟ ਨੂੰ ਮਨਜ਼ੂਰੀ, ਜਲਦ ਸ਼ੁਰੂ ਹੋਵੇਗਾ ਕੰਮ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਸਾਲਾਂ ਤੋਂ ਅੰਮ੍ਰਿਤਸਰ ਦਾ ਸੀਵਰੇਜ ਸਿਸਟਮ ਇਸ ਪਵਿੱਤਰ ਸ਼ਹਿਰ ਦੀਆਂ ਲੋੜਾਂ ਮੁਤਾਬਿਕ ਪੂਰੀ ਤਰ੍ਹਾਂ ਸੁਚਾਰੂ ਸੇਵਾਵਾਂ ਪ੍ਰਦਾਨ ਕਰਨ ਨਹੀਂ ਜੂਝ ਰਿਹਾ ਸੀ। ਅਣਸੋਧਿਆ ਪਾਣੀ ਨਾਲ ਨਾਲੀਆਂ ਭਰੀਆਂ ਰਹਿੰਦੀਆਂ ਸਨ।

ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਇਸ ਸਮੱਸਿਆ ਨਾਲ ਨਜਿੱਠਣ ਲਈ ਹੁਣ - ਅਮਰੁਤ 2.0 ਸਕੀਮ ਤਹਿਤ ਇੱਕ ਨਵੇਂ 60 ਐਮਐਲਡੀ (ਮਿਲੀਅਨ ਲੀਟਰ ਪ੍ਰਤੀ ਦਿਨ) ਸਮਰੱਥਾ ਦਾ ਸੀਵਰੇਜ ਟ੍ਰੀਟਮੈਂਟ ਪਲਾਂਟ ਅਤੇ ਇਸ ਲਈ ਲੋੜੀਂਦੇ ਪੰਪਿੰਗ ਸਟੇਸ਼ਨ ਨੂੰ ਮਨਜ਼ੂਰੀ ਦਿੱਤੀ ਗਈ ਹੈ। ਟੈਂਡਰ ਪਹਿਲਾਂ ਹੀ ਜਾਰੀ ਹੋ ਚੁੱਕਾ ਹੈ ਅਤੇ ਅਗਸਤ 2026 ਵਿੱਚ ਬੰਦ ਹੋ ਜਾਵੇਗਾ, ਜਿਸ ਤੋਂ ਤੁਰੰਤ ਬਾਅਦ ਕੰਮ ਸ਼ੁਰੂ ਹੋ ਜਾਵੇਗਾ।

ਇਸ ਪਲਾਂਟ ਦੇ ਤਿਆਰ ਹੋਣ ਬਾਅਦ, ਅੰਮ੍ਰਿਤਸਰ ਸ਼ਹਿਰ ਦੀ ਸੀਵਰੇਜ ਟ੍ਰੀਟਮੈਂਟ ਸਮਰੱਥਾ ਵਿੱਚ ਤੇਜ਼ੀ ਨਾਲ ਵਾਧਾ ਹੋਵੇਗਾ, ਪੁਰਾਣੇ, ਓਵਰਲੋਡ ਸਿਸਟਮ ਤੋਂ ਦਬਾਅ ਘਟੇਗਾ ਅਤੇ ਅਨਟ੍ਰੀਟਡ ਡਿਸਚਾਰਜ ਵਿੱਚ ਕਮੀ ਆਵੇਗੀ। ਇਸ ਪਲਾਂਟ ਰਾਹੀਂ ਵੇਸਟ



ਨੂੰ ਬਾਇਓ-ਸੀਐਨਜੀ ਵਿੱਚ ਵੀ ਬਦਲਿਆ ਜਾਵੇਗਾ, ਜਿਸ ਨਾਲ ਸਾਫ਼, ਗਰੀਨ ਊਰਜਾ ਸ਼ਹਿਰ ਵਿੱਚ ਹੀ ਤਿਆਰ ਕੀਤੀ ਜਾ ਸਕੇਗੀ । ਇਹ ਪਹਿਲਕਦਮੀ ਪੰਜਾਬ ਸਰਕਾਰ ਦੀ ਸੂਬੇ ਭਰ ਦੇ ਸ਼ਹਿਰਾਂ ਵਿੱਚ ਸ਼ਹਿਰੀ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰਨ ਲਈ ਵਿਸ਼ਾਲ ਅਮਰੁਤ 2.0 ਮੁਹਿੰਮ ਦਾ ਹਿੱਸਾ ਹੈ।

ਜ਼ਿਕਰਰਯੋਗ ਹੈ ਕਿ ਅਮਰੁਤ 2.0 ਤਹਿਤ ਪੰਜਾਬ ਸਰਕਾਰ ਪਹਿਲਾਂ ਹੀ 64 ਤੋਂ ਵੱਧ ਪ੍ਰੋਜੈਕਟ ਸੂਬੇ ਨੂੰ ਸਮਰਪਿਤ ਕਰ ਚੁੱਕੀ ਹੈ ਅਤੇ ਲਗਭਗ 50-60 ਪ੍ਰੋਜੈਕਟ ਮਾਰਚ 2027 ਤੱਕ ਪੂਰੇ ਕੀਤੇ ਜਾਣਗੇ ।ਇਸ ਪਹਿਲਕਦਮੀ ਬਾਰੇ ਸਥਾਨਕ ਸਰਕਾਰਾਂ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ, "ਅੰਮ੍ਰਿਤਸਰ ਸਾਡਾ ਪਵਿੱਤਰ ਸ਼ਹਿਰ ਹੈ ਅਤੇ ਅਸੀਂ ਇਹ ਯਕੀਨੀ ਬਣਾਵਾਂਗੇ ਕਿ ਇਸਦੀ ਸਾਰੀਆਂ ਸਮੱਸਿਆਵਾਂ ਦਾ ਸਫਲਤਾਪੂਰਵਕ ਹੱਲ ਕੱਢਿਆ ਜਾਵੇ ਭਾਵੇਂ ਉਹ ਸੀਵਰੇਜ ਦਾ ਮੁੱਦੇ ਹੋਵੇ ਜਾਂ ਕੂੜੇ-ਕਰਕਟ ਦਾ ਜਾਂ ਕੋਈ ਹੋਰ।

ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਇਸੇ ਅਹਿਦ 'ਤੇ ਡੱਟ ਕੇ ਪਹਿਰਾ ਦੇ ਰਹੀ ਹੈ ਕਿ ਖੜ੍ਹਾ ਕੀਤਾ ਜਾ ਰਿਹਾ ਬੁਨਿਆਦੀ ਢਾਂਚਾ ਲੰਬੇ ਸਮੇਂ ਲਈ ਕੰਮ ਕਰਦਾ ਰਹੇ।"

# ਲੋਕ ਨਾਚ ਤੇ ਰੋਲ ਪਲੇ ਮੁਕਾਬਲੇ 'ਚ ਕਲਿਆਣ ਅਤੇ ਧਬਲਾਨ ਦੇ ਵਿਦਿਆਰਥੀ ਛਾਏ

ਪਟਿਆਲਾ
ਸਾਂਝੀ ਸੋਚ ਬਿਊਰੋ

ਸਿੱਖਿਆ ਵਿਭਾਗ ਵੱਲੋਂ ਵਿਦਿਆਰਥੀਆਂ ਵਿੱਚ ਸਮਾਜਿਕ ਜਾਗਰੂਕਤਾ, ਸੱਭਿਆਚਾਰਕ ਵਿਰਸੇ ਪ੍ਰਤੀ ਸਤਿਕਾਰ, ਨੈਤਿਕ ਕਦਰਾਂ-ਕੀਮਤਾਂ ਅਤੇ ਰਚਨਾਤਮਕ ਪ੍ਰਤਿਭਾ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਪੀਐਮ ਸ਼੍ਰੀ ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ ਕਲਿਆਣ ਵਿਖੇ ਬਲਾਕ ਪੱਧਰੀ ਲੋਕ ਨਾਚ ਅਤੇ ਰੋਲ ਪਲੇ ਮੁਕਾਬਲੇ ਸਫ਼ਲਤਾਪੂਰਵਕ ਕਰਵਾਏ ਗਏ।ਇਹਨਾਂ ਮੁਕਾਬਲਿਆਂ ਦੌਰਾਨ ਵਿਦਿਆਰਥੀਆਂ ਨੇ ਵਾਤਾਵਰਨ ਸੰਭਾਲ, ਲਿੰਗ ਸਮਾਨਤਾ, ਲੜਕੀਆਂ ਦੀ ਆਪਣੀ ਮਰਜ਼ੀ ਅਤੇ ਫ਼ੈਸਲੇ ਦਾ ਅਧਿਕਾਰ, ਡਿਪ੍ਰੈਸ਼ਨ ਅਤੇ ਮਾਨਸਿਕ ਸਿਹਤ, ਇੰਟਰਨੈੱਟ ਦੀ ਸੁਰੱਖਿਅਤ ਵਰਤੋਂ, ਦੋਸਤੀ ਦੀ ਅਸਲ ਪਰਖ, ਨਸ਼ਿਆਂ ਤੋਂ ਬਚਾਅ (ਸਬਸਟੈਂਸ ਐਬਿਊਜ਼) ਅਤੇ ਇੰਟਰਨੈੱਟ ਤੇ ਮੀਡੀਆ ਦੀ ਜ਼ਿੰਮੇਵਾਰ ਵਰਤੋਂ ਵਰਗੇ ਸਮਕਾਲੀ ਵਿਸ਼ਿਆਂ 'ਤੇ ਪ੍ਰਭਾਵਸ਼ਾਲੀ ਪੇਸ਼ਕਾਰੀਆਂ ਦੇ ਕੇ ਹਾਜ਼ਰੀਨ ਨੂੰ ਜਾਗਰੂਕ ਕੀਤਾ। ਇਨ੍ਹਾਂ ਮੁਕਾਬਲਿਆਂ ਦਾ ਆਯੋਜਨ ਬਲਾਕ ਨੋਡਲ ਅਫ਼ਸਰ ਪਟਿਆਲਾ-3 ਲਲਿਤ ਸਿੰਗਲਾ ਦੀ ਅਗਵਾਈ ਹੇਠ ਕੀਤਾ ਗਿਆ, ਜਦਕਿ ਸਮੁੱਚੇ ਪ੍ਰਬੰਧ ਦੀ ਜ਼ਿੰਮੇਵਾਰੀ ਸਕੂਲ ਦੀ ਇੰਚਾਰਜ ਪ੍ਰਿੰਸੀਪਲ ਰਜਨੀ ਨੇ ਨਿਭਾਈ। ਮੰਚ ਸੰਚਾਲਨ ਰਘਵੀਰ ਸਿੰਘ ਵੱਲੋਂ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ ਗਿਆ। ਮੁਕਾਬਲਿਆਂ ਦੇ ਨਿਰਣਾਇਕ ਵਜੋਂ ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ ਸਿੱਧੂਵਾਲ ਦੀ ਪ੍ਰਿੰਸੀਪਲ ਅਰਜੋਤ ਕੌਰ, ਸਰਕਾਰੀ ਹਾਈ ਸਕੂਲ ਪਟਿਆਲਾ ਕੈਂਟ ਦੀ ਮੁੱਖ ਅਧਿਆਪਕਾ ਰੁਪਿੰਦਰ ਕੌਰ ਗਰੇਵਾਲ ਅਤੇ ਸਰਕਾਰੀ ਹਾਈ ਸਕੂਲ ਧਬਲਾਨ ਦੀ ਮੁੱਖ ਅਧਿਆਪਕਾ ਰਜਨੀ ਸਿੰਗਲਾ ਨੇ ਆਪਣੀ ਜ਼ਿੰਮੇਵਾਰੀ ਨਿਭਾਈ।

ਰੋਲ ਪਲੇ ਮੁਕਾਬਲੇ ਵਿੱਚ ਸਰਕਾਰੀ ਹਾਈ ਸਕੂਲ ਧਬਲਾਨ ਨੇ ਪਹਿਲਾ, ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ ਸਿੱਧੂਵਾਲ ਨੇ ਦੂਜਾ ਅਤੇ ਸਰਕਾਰੀ ਹਾਈ ਸਕੂਲ ਰਣਬੀਰਪੁਰਾ ਨੇ ਤੀਜਾ ਸਥਾਨ ਹਾਸਲ ਕੀਤਾ। ਲੋਕ ਨਾਚ ਮੁਕਾਬਲੇ ਵਿੱਚ ਪੀਐਮ ਸ਼੍ਰੀ ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ ਕਲਿਆਣ ਨੇ ਪਹਿਲਾ, ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ ਸਿੱਧੂਵਾਲ ਨੇ ਦੂਜਾ ਅਤੇ ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ ਸ਼ੇਖੂਪੁਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਸਮਾਗਮ ਦੇ ਅੰਤ ਵਿੱਚ ਜੇਤੂ ਟੀਮਾਂ ਨੂੰ ਸਨਮਾਨਿਤ ਕੀਤਾ ਗਿਆ। ਕਲਿਆਣ ਸਕੂਲ ਦੇ ਡੀਡੀਓ ਕੁਮਾਰੀ ਹੇਮਾ, ਬਲਾਕ ਨੋਡਲ ਅਫ਼ਸਰ ਲਲਿਤ ਸਿੰਗਲਾ ਅਤੇ ਇੰਚਾਰਜ ਪ੍ਰਿੰਸੀਪਲ ਰਜਨੀ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ




ਸ਼ਾਨਦਾਰ ਪ੍ਰਾਪਤੀਆਂ ਲਈ ਵਧਾਈ ਦਿੰਦਿਆਂ ਆਉਣ ਵਾਲੇ ਮੁਕਾਬਲਿਆਂ ਲਈ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਗੁਰਮੀਤ ਕੌਰ (ਲੈਕਚਰਾਰ ਅੰਗਰੇਜ਼ੀ), ਬਲਜੀਤ ਕੌਰ ਸਿੱਧੂ, ਚਮਨ ਸ਼ਰਮਾ (ਬੀਆਰਸੀ), ਹਿਮਾਂਸ਼ੂ ਅਗਰਵਾਲ, ਸ਼ਸ਼ੀ ਜੋਸ਼ੀ ਸਮੇਤ ਵੱਖ-ਵੱਖ ਸਕੂਲਾਂ ਦੇ ਅਧਿਆਪਕ ਅਤੇ ਹੋਰ ਪਤਵੰਤੇ ਹਾਜ਼ਰ ਸਨ।

# ਕੋਵਿਡ-19 ਬਾਰੇ ਰਾਬਰਟ ਐੱਫ. ਕੈਨੇਡੀ ਜੂਨੀਅਰ ਦੇ ਬਿਆਨਾਂ 'ਤੇ ਵਿਵਾਦ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਅਮਰੀਕਾ ਵਿਚ ਕੋਵਿਡ-19 ਕਾਰਨ ਦਸ ਲੱਖ ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ, ਪਰ ਸਿਹਤ ਮੰਤਰੀ ਰਾਬਰਟ ਐੱਫ. ਕੈਨੇਡੀ ਜੂਨੀਅਰ ਦੇ ਤਾਜ਼ਾ ਬਿਆਨਾਂ ਨੇ ਇੱਕ ਵਾਰ ਫਿਰ ਮੈਡੀਕਲ ਗਲਤ ਜਾਣਕਾਰੀ ਬਾਰੇ ਚਿੰਤਾ ਵਧਾ ਦਿੱਤੀ ਹੈ। ਸੀ.ਐੱਨ.ਐੱਨ. ਦੀ ਪੱਤਰਕਾਰ ਡਾਨਾ ਬੈਸ਼ ਨਾਲ ਐਤਵਾਰ ਨੂੰ ਹੋਈ ਤਿੱਖੀ ਇੰਟਰਵਿਊ ਦੌਰਾਨ ਕੈਨੇਡੀ ਨੇ ਦਾਅਵਾ ਕੀਤਾ ਕਿ ਮਹਾਮਾਰੀ ਸਮੇਂ ਲਗਾਏ ਗਏ ਲਾਕਡਾਊਨ ਨੇ ਕੋਰੋਨਾਵਾਇਰਸ ਨਾਲੋਂ ਵੱਧ ਨੁਕਸਾਨ ਕੀਤਾ।ਇੰਟਰਵਿਊ ਦੌਰਾਨ ਉਨ੍ਹਾਂ ਨੇ ਕੋਵਿਡ-19, ਖਸਰਾ, ਆਟਿਜ਼ਮ ਅਤੇ ਲਾਈਮ ਬਿਮਾਰੀ ਬਾਰੇ ਵੀ ਕਈ ਵਿਵਾਦਤ ਬਿਆਨ ਦਿੱਤੇ। ਸਿਹਤ ਮਾਹਿਰਾਂ ਅਤੇ ਵਿਗਿਆਨਕ ਸਬੂਤਾਂ ਮੁਤਾਬਕ ਇਨ੍ਹਾਂ ਵਿਚੋਂ ਕਈ ਦਾਅਵੇ ਅਧੂਰੇ, ਗੁੰਮਰਾਹਕੁੰਨ ਜਾਂ ਮੌਜੂਦਾ ਖੋਜ ਨਾਲ ਮੇਲ ਨਾ ਖਾਣ ਵਾਲੇ ਹਨ। ਕੈਨੇਡੀ ਨੇ ਡਾਕਟਰ ਐਂਥਨੀ ਫਾਊਚੀ ਦੀ ਵੀ ਮੁੜ ਆਲੋਚਨਾ ਕੀਤੀ, ਜਿਨ੍ਹਾਂ ਨੇ ਕੋਵਿਡ ਮਹਾਮਾਰੀ ਦੌਰਾਨ ਅਮਰੀਕੀ ਸਰਕਾਰ ਦੀ ਜਨਤਕ ਸਿਹਤ ਪ੍ਰਤੀਕਿਰਿਆ 'ਚ ਅਹਿਮ ਭੂਮਿਕਾ ਨਿਭਾਈ ਸੀ।ਵਿਗਿਆਨਕ ਅਧਿਐਨਾਂ ਅਨੁਸਾਰ ਕੋਵਿਡ-19 ਇੱਕ ਗੰਭੀਰ ਸਾਹ ਸੰਬੰਧੀ ਬਿਮਾਰੀ ਰਹੀ, ਜਿਸ ਨੇ ਬਜ਼ੁਰਗਾਂ ਅਤੇ ਪਹਿਲਾਂ ਤੋਂ ਬਿਮਾਰ ਲੋਕਾਂ ਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤਾ। ਟੀਕਾਕਰਨ, ਇਲਾਜ ਅਤੇ ਬਿਹਤਰ ਸਿਹਤ ਸਹੂਲਤਾਂ ਕਾਰਨ ਮੌਤਾਂ ਅਤੇ ਗੰਭੀਰ ਮਾਮਲਿਆਂ ਵਿਚ ਕਮੀ ਆਈ ਹੈ, ਪਰ ਵਾਇਰਸ ਅਜੇ ਵੀ ਮੌਜੂਦ ਹੈ।

ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਲੋਕਾਂ ਨੂੰ ਇਲਾਜ, ਟੀਕਿਆਂ ਅਤੇ ਬਿਮਾਰੀਆਂ ਬਾਰੇ ਫ਼ੈਸਲੇ ਸਿਆਸੀ ਬਿਆਨਾਂ ਦੀ ਬਜਾਏ ਪ੍ਰਮਾਣਿਤ ਡਾਕਟਰੀ ਖੋਜ ਅਤੇ ਯੋਗ ਡਾਕਟਰਾਂ



ਦੀ ਸਲਾਹ ਦੇ ਆਧਾਰ 'ਤੇ ਕਰਨੇ ਚਾਹੀਦੇ ਹਨ।


ATWAL
IMMIGRATION SERVICES
ATWAL
TAX & IMMIGRATION
— SERVICES —
FAMILY PETITIONS
NATURALIZATION (US CITIZENSHIP)
GREEN CARD RENEW
WORK PERMIT RENEW
AFFIDAVIT OF SUPPORT
INDIAN AND US PASSPORT RENEW
INDIAN VISA
OCI
E-VISA
INDIAN PASSPORT SURRENDER
ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ
TONY
ATWAL
ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com
ਜਾਂ ਫ਼ਿਰ ਸਾਡੀ WEBSITE
www.atwaltaximmigrationservices.com
ADDRESS 1
119 N Maple Ave, Ste B,Manteca, CA,95336 Manteca
(209) 505-6384
ADDRESS 2
2800 Mitchell Rd,Ste.W,Ceres ,CA 95307, Ceres
(209) 568-9682


ਰੋਜ਼ਮਾਰਰਾ ਦੀ ਜ਼ਰੂਰਤ ਦਾ ਹਰ ਸਾਮਾਨ ਮਿਲੇਗਾ ਇਕ ਹੀ ਜਗਾਹ ਤੇ
Indian & Fijian
Grocery Store
HOURS
10a.m - 8p.m
(209) 486-8233
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ,ਪਾਕਿਸਤਾਨੀ ਤੇ ਫਿਜੀਆਨਾ ਗਰੋਸਰੀ
NOW OPEN
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਹਰ ਤਰ੍ਹਾਂ ਦੇ ਸਜਾਵਟ ਦਾ ਸਮਾਨ ।
Ria
Money Transfer
INDIA ਪੈਸੇ ਭੇਜਣ ਲਈ RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Address : 2015 Yosemite Blvd. Modesto CA
Website : www.indianfijianstore.wixsite.com/my-site-1
@indianfijiangrocery
ਸਾਡੇ ਦੂਜੇ ਸਟੋਰ ਦਾ ਪਤਾ
NAV INDIAN MERCHANDISE GROCERY STORE
3230 MITCHELL ROAD, STE, C, CERES, CA 95307


SUNSHINE AUTO CARE INC
WE REPAIR ALL"
AUTO • DIESEL TRUCKS • TRAILERS
All Makes & Models
FULL SERVICE AUTO & DIESEL REPAIR
Engine Diagnostics
Brake Service
Engine Diagnostics
Brake Service
Suspension & Steering
Diesel Truck Repair
Trailer Repair
Reliable • Professional • Fast Service
1003 MOFFAT BLVD.• MANTECA, CA 95336
209-239-1551

# ਵਿਦਿਆਰਥੀ ਵੀਜ਼ਾ ਸਮੇਤ ਹੋਰਨਾਂ ਵੀਜ਼ਿਆਂ ਉੱਤੇ ਨਵੇਂ ਨਿਯਮ ਲਾਗੂ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ ਨੇ 'ਐੱਫ, ਜੇ ਅਤੇ ਆਈ' ਸ਼੍ਰੇਣੀਆਂ ਅਧੀਨ ਅਮਰੀਕਾ ਆਉਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ, ਐਕਸਚੇਂਜ ਵਿਜ਼ਟਰਾਂ ਅਤੇ ਵਿਦੇਸ਼ੀ ਮੀਡੀਆ ਪ੍ਰਤੀਨਿਧੀਆਂ ਲਈ ਦਹਾਕਿਆਂ ਤੋਂ ਚੱਲ ਰਹੀ "ਡਿਊਰੇਸ਼ਨ ਆਫ਼ ਸਟੇਟਸ" ਪ੍ਰਣਾਲੀ ਨੂੰ ਖ਼ਤਮ ਕਰਕੇ ਉਨ੍ਹਾਂ ਦੇ ਅਮਰੀਕਾ ਵਿਚ ਕਾਨੂੰਨੀ ਠਹਿਰਾਅ ਲਈ ਇੱਕ ਨਿਸ਼ਚਿਤ ਆਖ਼ਰੀ ਤਾਰੀਖ਼ ਤੈਅ ਕਰਨ ਵਾਲਾ ਅੰਤਿਮ ਨਿਯਮ ਜਾਰੀ ਕਰ ਦਿੱਤਾ ਹੈ। ਇਹ ਨਿਯਮ 17 ਜੁਲਾਈ 2026 ਨੂੰ ਫੈਡਰਲ ਰਜਿਸਟਰ 'ਚ ਪ੍ਰਕਾਸ਼ਿਤ ਹੋਇਆ ਅਤੇ ਇਸ ਦੀ ਨਿਰਧਾਰਤ ਲਾਗੂ ਹੋਣ ਦੀ ਤਾਰੀਖ਼ 15 ਸਤੰਬਰ 2026 ਹੈ। ਹਾਲਾਂਕਿ ਇਸ ਨੂੰ ਇੱਕ ਵੱਡਾ ਨਿਯਮ ਮੰਨਦਿਆਂ ਕਾਂਗਰਸੀ ਸਮੀਖਿਆ ਦੇ ਅਧੀਨ ਰੱਖਿਆ ਗਿਆ ਹੈ ਅਤੇ ਜੇ ਸਮੀਖਿਆ ਤੋਂ ਬਾਅਦ ਲਾਗੂ ਹੋਣ ਦੀ ਤਾਰੀਖ਼ ਬਦਲਦੀ ਜਾਂ ਨਿਯਮ ਰੱਦ ਹੁੰਦਾ ਹੈ, ਤਾਂ ਡੀ.ਐੱਚ.ਐੱਸ. ਵੱਲੋਂ ਫੈਡਰਲ ਰਜਿਸਟਰ ਵਿਚ ਵੱਖਰਾ ਨੋਟਿਸ ਜਾਰੀ ਕੀਤਾ ਜਾਵੇਗਾ।

ਹੁਣ ਤੱਕ ਐੱਫ-1 ਵਿਦਿਆਰਥੀਆਂ, ਜੇ-1 ਐਕਸਚੇਂਜ ਵਿਜ਼ਟਰਾਂ ਅਤੇ ਆਈ ਵੀਜ਼ਾ ਧਾਰਕਾਂ ਦੇ ਆਈ-94 ਰਿਕਾਰਡ ਉੱਤੇ ਆਮ ਤੌਰ 'ਤੇ "ਡੀ/ਐੱਸ" ਲਿਖਿਆ ਹੁੰਦਾ ਸੀ, ਜਿਸਦਾ ਅਰਥ ਸੀ ਕਿ ਉਹ ਵਿਅਕਤੀ ਆਪਣੇ ਪੜ੍ਹਾਈ, ਟ੍ਰੇਨਿੰਗ, ਐਕਸਚੇਂਜ ਜਾਂ ਪੱਤਰਕਾਰੀ ਪ੍ਰੋਗਰਾਮ ਦੀਆਂ ਸ਼ਰਤਾਂ ਦੀ ਪਾਲਣਾ ਕਰਦਾ ਰਹੇ, ਤਾਂ ਉਸਦੀ ਰਿਹਾਇਸ਼ ਦੀ ਕੋਈ ਵੱਖਰੀ ਪੱਕੀ ਸਮਾਪਤੀ ਤਾਰੀਖ਼ ਨਹੀਂ ਹੁੰਦੀ ਸੀ। ਨਵੇਂ ਨਿਯਮ ਤਹਿਤ ਉਨ੍ਹਾਂ ਦੇ ਆਈ-94 ਉੱਤੇ ਇੱਕ ਸਪੱਸ਼ਟ "ਐਡਮਿਟ ਅੰਟਿਲ ਡੇਟ" ਦਰਜ ਕੀਤੀ ਜਾਵੇਗੀ ਅਤੇ ਉਸ ਤਾਰੀਖ਼ ਤੋਂ ਅੱਗੇ ਰਹਿਣ ਲਈ ਉਨ੍ਹਾਂ ਨੂੰ ਅਮਰੀਕੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸੇਵਾਵਾਂ ਕੋਲ ਮਿਆਦ ਵਧਾਉਣ ਦੀ ਅਰਜ਼ੀ ਦਾਇਰ ਕਰਨੀ ਪਵੇਗੀ ਜਾਂ ਅਮਰੀਕਾ ਤੋਂ ਬਾਹਰ ਜਾ ਕੇ ਦੁਬਾਰਾ ਦਾਖ਼ਲਾ ਲੈਣਾ ਪਵੇਗਾ। ਡੀ.ਐੱਚ.ਐੱਸ. ਦਾ ਕਹਿਣਾ ਹੈ ਕਿ ਇਸ ਤਬਦੀਲੀ ਨਾਲ ਸਰਕਾਰ ਨੂੰ ਇਹ ਜਾਂਚਣ ਦਾ ਮੌਕਾ ਮਿਲੇਗਾ ਕਿ ਵੀਜ਼ਾ ਧਾਰਕ ਆਪਣਾ ਕਾਨੂੰਨੀ ਦਰਜਾ ਅਤੇ ਪ੍ਰੋਗਰਾਮ ਦੀਆਂ ਸ਼ਰਤਾਂ ਕਾਇਮ ਰੱਖ ਰਹੇ ਹਨ ਜਾਂ ਨਹੀਂ।

ਐੱਫ-1 ਵਿਦਿਆਰਥੀਆਂ ਨੂੰ ਆਮ ਤੌਰ 'ਤੇ ਉਨ੍ਹਾਂ ਦੇ ਫਾਰਮ ਆਈ-20 ਉੱਤੇ ਦਰਜ ਪੜ੍ਹਾਈ ਦੇ ਪ੍ਰੋਗਰਾਮ ਦੀ ਮਿਆਦ ਤੱਕ ਦਾਖ਼ਲਾ ਦਿੱਤਾ ਜਾਵੇਗਾ, ਪਰ ਇਹ ਮਿਆਦ ਇੱਕ ਵਾਰ ਵਿਚ ਵੱਧ ਤੋਂ ਵੱਧ ਚਾਰ ਸਾਲ ਹੋਵੇਗੀ। ਇਸਦੇ ਨਾਲ ਪ੍ਰੋਗਰਾਮ ਸ਼ੁਰੂ ਹੋਣ ਤੋਂ ਪਹਿਲਾਂ 30 ਦਿਨ ਅਤੇ ਪੜ੍ਹਾਈ ਜਾਂ ਮਨਜ਼ੂਰਸ਼ੁਦਾ ਪ੍ਰੈਕਟੀਕਲ ਟ੍ਰੇਨਿੰਗ ਪੂਰੀ ਹੋਣ ਤੋਂ ਬਾਅਦ 30 ਦਿਨਾਂ ਦਾ ਰਵਾਨਗੀ ਸਮਾਂ ਦਿੱਤਾ ਜਾਵੇਗਾ। ਇਸ ਤਰ੍ਹਾਂ ਐੱਫ-1 ਵਿਦਿਆਰਥੀਆਂ ਨੂੰ ਪਹਿਲਾਂ ਮਿਲਣ ਵਾਲਾ 60 ਦਿਨਾਂ ਦਾ ਗ੍ਰੇਸ ਪੀਰੀਅਡ ਘਟਾ ਕੇ 30 ਦਿਨ ਕਰ ਦਿੱਤਾ ਗਿਆ ਹੈ। ਚਾਰ ਸਾਲਾਂ ਤੋਂ ਲੰਬੇ ਡਿਗਰੀ ਪ੍ਰੋਗਰਾਮਾਂ, ਪੜ੍ਹਾਈ ਪੂਰੀ ਕਰਨ ਲਈ ਵਾਧੂ ਸਮੇਂ, ਨਵੇਂ ਵਿਦਿਅਕ ਪ੍ਰੋਗਰਾਮ, ਓ.ਪੀ.ਟੀ. ਜਾਂ ਸਟੈਮ ਓ.ਪੀ.ਟੀ. ਲਈ ਵਿਦਿਆਰਥੀਆਂ ਨੂੰ ਯੂ.ਐੱਸ.ਸੀ.ਆਈ.ਐੱਸ. ਕੋਲ ਐਕਸਟੈਂਸ਼ਨ ਆਫ਼ ਸਟੇਅ ਦੀ ਅਰਜ਼ੀ ਦੇਣੀ ਪਵੇਗੀ।ਨਵੇਂ ਨਿਯਮ ਤਹਿਤ ਐੱਫ-1 ਵਿਦਿਆਰਥੀਆਂ ਦੀ ਸਕੂਲ, ਵਿਸ਼ਾ ਅਤੇ ਸਿੱਖਿਆ ਦੇ ਪੱਧਰ ਨੂੰ ਬਦਲਣ ਦੀ ਆਜ਼ਾਦੀ ਉੱਤੇ ਵੀ ਨਵੀਆਂ ਪਾਬੰਦੀਆਂ ਲਗਾਈਆਂ ਗਈਆਂ ਹਨ। ਵਿਦਿਆਰਥੀ ਨੂੰ ਆਮ ਤੌਰ 'ਤੇ ਉਸੇ ਸੰਸਥਾ ਵਿਚ



ਘੱਟੋ-ਘੱਟ ਇੱਕ ਅਕਾਦਮਿਕ ਸਾਲ ਪੂਰਾ ਕਰਨਾ ਪਵੇਗਾ, ਜਿਸ ਨੇ ਉਸਦਾ ਸ਼ੁਰੂਆਤੀ ਆਈ-20 ਜਾਰੀ ਕੀਤਾ ਸੀ, ਜਦੋਂ ਤੱਕ ਵਿਸ਼ੇਸ਼ ਹਾਲਾਤਾਂ ਵਿਚ ਮਨਜ਼ੂਰੀ ਨਾ ਮਿਲੇ। ਗ੍ਰੈਜੂਏਟ ਜਾਂ ਇਸ ਤੋਂ ਉੱਚੇ ਪੱਧਰ ਦੇ ਵਿਦਿਆਰਥੀਆਂ ਲਈ ਪ੍ਰੋਗਰਾਮ ਦੌਰਾਨ ਵਿਦਿਅਕ ਉਦੇਸ਼ ਬਦਲਣ ਜਾਂ ਕਿਸੇ ਹੋਰ ਸੰਸਥਾ ਵਿਚ ਤਬਦੀਲ ਕਰਨ ਉੱਤੇ ਹੋਰ ਸਖ਼ਤ ਸੀਮਾਵਾਂ ਲਾਗੂ ਹੋਣਗੀਆਂ। ਇੱਕ ਪੜ੍ਹਾਈ ਪੱਧਰ ਪੂਰਾ ਕਰਨ ਤੋਂ ਬਾਅਦ ਵਿਦਿਆਰਥੀ ਨੂੰ ਆਮ ਤੌਰ 'ਤੇ ਸਿਰਫ਼ ਉੱਚੇ ਪੱਧਰ ਦੇ ਪ੍ਰੋਗਰਾਮ ਵਿਚ ਹੀ ਜਾਣ ਦੀ ਇਜਾਜ਼ਤ ਹੋਵੇਗੀ ਅਤੇ ਉਸੇ ਜਾਂ ਹੇਠਲੇ ਪੱਧਰ ਦੀ ਹੋਰ ਡਿਗਰੀ ਲਈ ਐੱਫ-1 ਦਰਜਾ ਜਾਰੀ ਰੱਖਣ ਉੱਤੇ ਰੋਕ ਲੱਗ ਸਕਦੀ ਹੈ।

ਜੇ-1 ਐਕਸਚੇਂਜ ਵਿਜ਼ਟਰਾਂ ਨੂੰ ਉਨ੍ਹਾਂ ਦੇ ਡੀਐੱਸ-2019 ਉੱਤੇ ਦਰਜ ਪ੍ਰੋਗਰਾਮ ਦੀ ਮਿਆਦ ਅਨੁਸਾਰ ਇੱਕ ਨਿਸ਼ਚਿਤ ਆਈ-94 ਤਾਰੀਖ਼ ਦਿੱਤੀ ਜਾਵੇਗੀ। ਪ੍ਰੋਗਰਾਮ ਪੂਰਾ ਹੋਣ ਤੋਂ ਬਾਅਦ ਉਨ੍ਹਾਂ ਲਈ 30 ਦਿਨਾਂ ਦਾ ਗ੍ਰੇਸ ਪੀਰੀਅਡ ਪਹਿਲਾਂ ਵਾਂਗ ਜਾਰੀ ਰਹੇਗਾ। ਜੇ ਕਿਸੇ ਜੇ-1 ਵਿਜ਼ਟਰ ਨੂੰ ਆਪਣੀ ਟ੍ਰੇਨਿੰਗ, ਰਿਸਰਚ, ਮੈਡੀਕਲ ਰੈਜ਼ੀਡੈਂਸੀ, ਅਧਿਆਪਨ ਜਾਂ ਹੋਰ ਮਨਜ਼ੂਰਸ਼ੁਦਾ ਪ੍ਰੋਗਰਾਮ ਪੂਰਾ ਕਰਨ ਲਈ ਵਾਧੂ ਸਮੇਂ ਦੀ ਲੋੜ ਹੋਵੇ, ਤਾਂ ਉਸਨੂੰ ਆਈ-94 ਦੀ ਸਮਾਪਤੀ ਤੋਂ ਪਹਿਲਾਂ ਯੂ.ਐੱਸ.ਸੀ.ਆਈ.ਐੱਸ. ਕੋਲ ਮਿਆਦ ਵਧਾਉਣ ਦੀ ਅਰਜ਼ੀ ਦੇਣੀ ਹੋਵੇਗੀ। ਨਵਾਂ ਨਿਯਮ ਜੇ-1 ਸ਼੍ਰੇਣੀ ਦੇ ਕੁਝ ਵਿਅਕਤੀਆਂ ਉੱਤੇ ਲਾਗੂ ਦੋ ਸਾਲ ਆਪਣੇ ਦੇਸ਼ ਵਿਚ ਰਹਿਣ ਦੀ ਸ਼ਰਤ ਨੂੰ ਖ਼ਤਮ ਜਾਂ ਤਬਦੀਲ ਨਹੀਂ ਕਰਦਾ।

ਆਈ ਸ਼੍ਰੇਣੀ ਅਧੀਨ ਅਮਰੀਕਾ ਆਉਣ ਵਾਲੇ ਵਿਦੇਸ਼ੀ ਪੱਤਰਕਾਰਾਂ, ਸੰਪਾਦਕਾਂ, ਕੈਮਰਾ ਕਰਮਚਾਰੀਆਂ ਅਤੇ ਹੋਰ ਵਿਦੇਸ਼ੀ ਮੀਡੀਆ ਪ੍ਰਤੀਨਿਧੀਆਂ ਨੂੰ ਉਨ੍ਹਾਂ ਦੇ ਕੰਮ ਜਾਂ ਅਸਾਈਨਮੈਂਟ ਦੀ ਮਿਆਦ ਤੱਕ, ਪਰ ਆਮ ਤੌਰ 'ਤੇ ਵੱਧ ਤੋਂ ਵੱਧ 240 ਦਿਨਾਂ ਲਈ ਦਾਖ਼ਲਾ ਦਿੱਤਾ ਜਾਵੇਗਾ। ਜੇ ਉਨ੍ਹਾਂ ਦਾ ਪੱਤਰਕਾਰੀ ਅਸਾਈਨਮੈਂਟ ਇਸ ਤੋਂ ਵੱਧ ਚੱਲਦਾ ਹੈ, ਤਾਂ ਉਹ ਹਰ ਵਾਰ ਵੱਧ ਤੋਂ ਵੱਧ 240 ਦਿਨਾਂ ਦੀ ਮਿਆਦ ਵਧਾਉਣ ਲਈ ਅਰਜ਼ੀ ਦੇ ਸਕਣਗੇ। ਚੀਨ ਦੇ ਪਾਸਪੋਰਟ ਧਾਰਕ ਕੁਝ ਆਈ ਵੀਜ਼ਾ ਧਾਰਕਾਂ ਲਈ ਇਹ ਮਿਆਦ ਆਮ ਤੌਰ 'ਤੇ 90 ਦਿਨ ਰਹੇਗੀ, ਜਦਕਿ ਹਾਂਗਕਾਂਗ ਅਤੇ ਮਕਾਉ ਦੇ ਪਾਸਪੋਰਟ ਧਾਰਕਾਂ ਲਈ ਵੱਖਰਾ ਪ੍ਰਬੰਧ ਹੈ। ਸਮੇਂ ਸਿਰ ਐਕਸਟੈਂਸ਼ਨ ਅਰਜ਼ੀ ਦਾਇਰ ਕਰਨ ਵਾਲੇ ਜ਼ਿਆਦਾਤਰ ਆਈ ਵੀਜ਼ਾ ਧਾਰਕ ਅਰਜ਼ੀ ਲੰਬਿਤ ਰਹਿਣ ਦੌਰਾਨ ਉਸੇ ਵਿਦੇਸ਼ੀ ਮੀਡੀਆ ਮਾਲਕ ਲਈ 240 ਦਿਨ ਤੱਕ ਕੰਮ ਜਾਰੀ ਰੱਖ ਸਕਣਗੇ।

15 ਸਤੰਬਰ 2026 ਤੋਂ ਪਹਿਲਾਂ ਡਿਊਰੇਸ਼ਨ ਆਫ਼ ਸਟੇਟਸ ਅਧੀਨ ਅਮਰੀਕਾ ਵਿਚ ਮੌਜੂਦ ਵਿਦਿਆਰਥੀਆਂ ਅਤੇ ਐਕਸਚੇਂਜ ਵਿਜ਼ਟਰਾਂ ਲਈ ਇੱਕ ਤਬਦੀਲੀ ਪ੍ਰਬੰਧ ਵੀ ਰੱਖਿਆ ਗਿਆ ਹੈ। ਜੋ ਐੱਫ ਜਾਂ ਜੇ ਵੀਜ਼ਾ ਧਾਰਕ ਇਸ ਤਾਰੀਖ਼ ਨੂੰ ਆਪਣਾ ਕਾਨੂੰਨੀ ਦਰਜਾ ਠੀਕ ਤਰੀਕੇ ਨਾਲ ਕਾਇਮ ਰੱਖ ਰਹੇ ਹੋਣਗੇ, ਉਹ ਆਪਣੇ ਆਈ-20, ਡੀਐੱਸ-2019 ਜਾਂ ਰੁਜ਼ਗਾਰ ਅਧਿਕਾਰ ਦਸਤਾਵੇਜ਼ ਉੱਤੇ ਦਰਜ ਸਮਾਪਤੀ ਤਾਰੀਖ਼ ਤੱਕ ਰਹਿ ਸਕਣਗੇ, ਪਰ ਇਹ ਮਿਆਦ ਆਮ ਤੌਰ 'ਤੇ 15 ਸਤੰਬਰ 2026 ਤੋਂ ਚਾਰ ਸਾਲ ਤੋਂ ਵੱਧ ਨਹੀਂ ਹੋਵੇਗੀ। ਐੱਫ ਵਿਦਿਆਰਥੀਆਂ ਲਈ ਆਖ਼ਰੀ ਸੰਭਾਵਿਤ ਤਾਰੀਖ਼ 60 ਦਿਨਾਂ ਦੇ ਪੁਰਾਣੇ ਰਵਾਨਗੀ ਸਮੇਂ ਸਮੇਤ 14 ਨਵੰਬਰ 2030 ਅਤੇ ਜੇ ਵਿਜ਼ਟਰਾਂ ਲਈ 30 ਦਿਨਾਂ ਦੇ ਸਮੇਂ ਸਮੇਤ 15 ਅਕਤੂਬਰ 2030 ਹੋ ਸਕਦੀ ਹੈ। ਇਸ ਲਈ ਇਹ ਕਹਿਣਾ ਪੂਰੀ ਤਰ੍ਹਾਂ ਸਹੀ ਨਹੀਂ ਕਿ ਹਰ ਮੌਜੂਦਾ ਵਿਦਿਆਰਥੀ ਨੂੰ ਆਪਣੇ ਆਪ 15 ਸਤੰਬਰ 2030 ਤੱਕ ਰਹਿਣ ਦੀ ਇਜਾਜ਼ਤ ਮਿਲੇਗੀ; ਅਸਲ ਮਿਆਦ ਉਸਦੇ ਮੌਜੂਦਾ ਪ੍ਰੋਗਰਾਮ ਜਾਂ ਰੁਜ਼ਗਾਰ ਦਸਤਾਵੇਜ਼ ਦੀ ਤਾਰੀਖ਼ ਉੱਤੇ ਨਿਰਭਰ ਕਰੇਗੀ।ਨਵੇਂ ਪ੍ਰਬੰਧ ਦਾ ਸਭ ਤੋਂ ਮਹੱਤਵਪੂਰਨ ਕਾਨੂੰਨੀ ਪ੍ਰਭਾਵ ਇਹ ਹੈ ਕਿ ਆਈ-94 ਉੱਤੇ ਦਰਜ ਮਿਆਦ ਖ਼ਤਮ ਹੋਣ ਤੋਂ ਬਾਅਦ ਅਮਰੀਕਾ ਵਿਚ ਰਹਿਣ ਵਾਲਾ ਵਿਅਕਤੀ ਆਮ ਤੌਰ 'ਤੇ ਗੈਰਕਾਨੂੰਨੀ ਮੌਜੂਦਗੀ ਇਕੱਠੀ ਕਰਨੀ ਸ਼ੁਰੂ ਕਰ ਦੇਵੇਗਾ। 180 ਦਿਨ ਤੋਂ ਵੱਧ ਗੈਰਕਾਨੂੰਨੀ ਮੌਜੂਦਗੀ ਤੋਂ ਬਾਅਦ ਅਮਰੀਕਾ ਛੱਡਣ ਉੱਤੇ ਤਿੰਨ ਸਾਲ ਦੀ ਅਤੇ ਇੱਕ ਸਾਲ ਜਾਂ ਇਸ ਤੋਂ ਵੱਧ ਗੈਰਕਾਨੂੰਨੀ ਮੌਜੂਦਗੀ ਤੋਂ ਬਾਅਦ ਦਸ ਸਾਲ ਦੀ ਦਾਖ਼ਲਾ ਪਾਬੰਦੀ ਦਾ ਖ਼ਤਰਾ ਪੈਦਾ ਹੋ ਸਕਦਾ ਹੈ। ਹਾਲਾਂਕਿ ਜੇ ਮਿਆਦ ਵਧਾਉਣ ਦੀ ਅਰਜ਼ੀ ਸਮੇਂ ਸਿਰ ਦਾਇਰ ਕੀਤੀ ਗਈ ਹੋਵੇ, ਤਾਂ ਅਰਜ਼ੀ ਉੱਤੇ ਫ਼ੈਸਲਾ ਹੋਣ ਤੱਕ ਵਿਅਕਤੀ ਨੂੰ ਆਮ ਤੌਰ 'ਤੇ ਮਨਜ਼ੂਰਸ਼ੁਦਾ ਠਹਿਰਾਅ ਵਿਚ ਮੰਨਿਆ ਜਾਵੇਗਾ ਅਤੇ ਉਸ ਦੌਰਾਨ ਗੈਰਕਾਨੂੰਨੀ ਮੌਜੂਦਗੀ ਇਕੱਠੀ ਨਹੀਂ ਹੋਵੇਗੀ। ਜੇ ਅਰਜ਼ੀ ਰੱਦ ਹੋ ਜਾਂਦੀ ਹੈ ਅਤੇ ਪੁਰਾਣੀ ਆਈ-94 ਮਿਆਦ ਪਹਿਲਾਂ ਹੀ ਖ਼ਤਮ ਹੋ ਚੁੱਕੀ ਹੋਵੇ ਤਾਂ ਵਿਅਕਤੀ ਅਤੇ ਉਸਦੇ ਨਿਰਭਰ ਪਰਿਵਾਰਕ ਮੈਂਬਰਾਂ ਨੂੰ ਤੁਰੰਤ ਅਮਰੀਕਾ ਛੱਡਣਾ ਪਵੇਗਾ।

ਇਸ ਨਿਯਮ ਨਾਲ ਸਕੂਲਾਂ, ਯੂਨੀਵਰਸਿਟੀਆਂ, ਐਕਸਚੇਂਜ ਪ੍ਰੋਗਰਾਮਾਂ, ਵਿਦੇਸ਼ੀ ਮੀਡੀਆ ਸੰਸਥਾਵਾਂ ਅਤੇ ਵੀਜ਼ਾ ਧਾਰਕਾਂ ਉੱਤੇ ਕਾਗਜ਼ੀ ਕਾਰਵਾਈ ਅਤੇ ਖ਼ਰਚਾ ਵਧੇਗਾ। ਮਿਆਦ ਵਧਾਉਣ ਲਈ ਆਮ ਤੌਰ 'ਤੇ ਫਾਰਮ ਆਈ-539, ਸਰਕਾਰੀ ਫੀਸ, ਬਾਇਓਮੈਟਰਿਕਸ ਅਤੇ ਪ੍ਰੋਗਰਾਮ ਪੂਰਾ ਕਰਨ ਲਈ ਵਾਧੂ ਸਮੇਂ ਦੀ ਲੋੜ ਦਾ ਸਬੂਤ ਦੇਣਾ ਪਵੇਗਾ। ਹਰ ਵਿਦਿਆਰਥੀ, ਐਕਸਚੇਂਜ ਵਿਜ਼ਟਰ ਅਤੇ ਵਿਦੇਸ਼ੀ ਪੱਤਰਕਾਰ ਲਈ ਅਮਰੀਕਾ ਵਿਚ ਹਰ ਦਾਖ਼ਲੇ ਤੋਂ ਬਾਅਦ ਆਪਣਾ ਆਈ-94 ਰਿਕਾਰਡ ਜਾਂਚਣਾ ਬਹੁਤ ਜ਼ਰੂਰੀ ਹੋਵੇਗਾ, ਕਿਉਂਕਿ ਹੁਣ ਆਈ-20, ਡੀਐੱਸ-2019 ਜਾਂ ਵੀਜ਼ਾ ਸਟੈਂਪ ਦੀ ਬਜਾਏ ਆਈ-94 ਉੱਤੇ ਦਰਜ ਆਖ਼ਰੀ ਤਾਰੀਖ਼ ਉਸਦੀ ਕਾਨੂੰਨੀ ਰਿਹਾਇਸ਼ ਲਈ ਨਿਰਣਾਇਕ ਹੋਵੇਗੀ।

# 25 ਸਿਟੀਜ਼ਨਸ਼ਿਪ ਪ੍ਰਾਪਤ ਲੋਕਾਂ ਦੀ ਨਾਗਰਿਕਤਾ ਰੱਦ!

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਅਮਰੀਕਾ ਦੇ ਜਸਟਿਸ ਡਿਪਾਰਟਮੈਂਟ (ਡੀ.ਓ.ਜੇ.) ਨੇ ਨੈਚੁਰਲਾਈਜ਼ਡ ਅਮਰੀਕੀ ਨਾਗਰਿਕਾਂ ਖ਼ਿਲਾਫ਼ ਆਪਣੀ ਸਭ ਤੋਂ ਸਖ਼ਤ ਮੁਹਿੰਮ ਨੂੰ ਹੋਰ ਤੇਜ਼ ਕਰਦਿਆਂ ਇੱਕੋ ਦਿਨ ਵਿਚ 25 ਵਿਅਕਤੀਆਂ ਖ਼ਿਲਾਫ਼ ਡੀਨੈਚੁਰਲਾਈਜ਼ੇਸ਼ਨ ਦੇ ਕੇਸ ਵੱਖ-ਵੱਖ ਫੈਡਰਲ ਅਦਾਲਤਾਂ ਵਿਚ ਦਾਇਰ ਕੀਤੇ ਹਨ। ਇਹ ਸਾਰੇ ਉਹ ਲੋਕ ਹਨ, ਜਿਨ੍ਹਾਂ ਨੇ ਜਨਮ ਤੋਂ ਨਹੀਂ, ਸਗੋਂ ਇਮੀਗ੍ਰੇਸ਼ਨ ਪ੍ਰਕਿਰਿਆ ਪੂਰੀ ਕਰਕੇ ਅਮਰੀਕੀ ਨਾਗਰਿਕਤਾ ਪ੍ਰਾਪਤ ਕੀਤੀ ਸੀ।

ਜਸਟਿਸ ਡਿਪਾਰਟਮੈਂਟ ਦਾ ਦਾਅਵਾ ਹੈ ਕਿ ਇਨ੍ਹਾਂ ਵਿਚੋਂ ਕਈਆਂ ਨੇ ਨਾਗਰਿਕਤਾ ਲੈਂਦੇ ਸਮੇਂ ਮਹੱਤਵਪੂਰਨ ਤੱਥ ਲੁਕਾਏ ਜਾਂ ਗਲਤ ਜਾਣਕਾਰੀ ਦਿੱਤੀ ਅਤੇ ਬਾਅਦ ਵਿਚ ਜਾਂ ਪਹਿਲਾਂ ਕੀਤੇ ਗੰਭੀਰ ਅਪਰਾਧਾਂ ਬਾਰੇ ਸੱਚ ਨਹੀਂ ਦੱਸਿਆ।

ਜਿਨ੍ਹਾਂ ਲੋਕਾਂ ਖ਼ਿਲਾਫ਼ ਕੇਸ ਦਾਇਰ ਕੀਤੇ ਗਏ ਹਨ, ਉਨ੍ਹਾਂ 'ਤੇ ਪਹਿਲੇ ਦਰਜੇ ਦੇ ਕਤਲ ਦੀ ਕੋਸ਼ਿਸ਼, ਕਤਲ ਦੀ ਨੀਅਤ ਨਾਲ ਘਾਤਕ ਹਥਿਆਰ ਨਾਲ ਹਮਲਾ, ਗੰਭੀਰ ਮਾਰਕੁੱਟ, ਜੀਵਨ ਸਾਥੀ ਨਾਲ ਹਿੰਸਾ ਅਤੇ ਬੱਚਿਆਂ ਨਾਲ ਜਿਨਸੀ ਅਪਰਾਧ ਵਰਗੇ ਸੰਗੀਨ ਦੋਸ਼ ਹਨ। ਜਸਟਿਸ ਡਿਪਾਰਟਮੈਂਟ ਦਾ ਕਹਿਣਾ ਹੈ ਕਿ ਅਜਿਹੇ ਲੋਕਾਂ ਨੇ ਅਮਰੀਕੀ ਨਾਗਰਿਕਤਾ ਦਾ ਹੱਕ ਧੋਖੇ ਨਾਲ ਹਾਸਲ ਕੀਤਾ ਅਤੇ ਹੁਣ ਸਰਕਾਰ ਉਸ ਨਾਗਰਿਕਤਾ ਨੂੰ ਰੱਦ ਕਰਵਾਉਣ ਲਈ ਅਦਾਲਤ ਦੀ ਮਦਦ ਲੈ ਰਹੀ ਹੈ।

ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਅਮਰੀਕੀ ਕਾਨੂੰਨ ਅਨੁਸਾਰ ਸਿਰਫ਼ ਅਪਰਾਧ ਕਰਨ ਨਾਲ ਕਿਸੇ ਨੈਚੁਰਲਾਈਜ਼ਡ ਨਾਗਰਿਕ ਦੀ ਨਾਗਰਿਕਤਾ ਆਪਣੇ ਆਪ ਖ਼ਤਮ ਨਹੀਂ ਹੋ ਜਾਂਦੀ। ਡੀਨੈਚੁਰਲਾਈਜ਼ੇਸ਼ਨ ਤਦੋਂ ਹੀ ਸੰਭਵ ਹੁੰਦੀ ਹੈ, ਜਦੋਂ ਸਰਕਾਰ ਅਦਾਲਤ ਵਿਚ ਇਹ ਸਾਬਤ ਕਰ ਦੇਵੇ ਕਿ ਨਾਗਰਿਕਤਾ ਗੈਰ-ਕਾਨੂੰਨੀ ਤਰੀਕੇ ਨਾਲ ਹਾਸਲ ਕੀਤੀ ਗਈ ਸੀ, ਜਾਂ ਨਾਗਰਿਕਤਾ ਦੀ ਅਰਜ਼ੀ ਦੌਰਾਨ ਕੋਈ ਅਹਿਮ ਤੱਥ ਲੁਕਾਇਆ ਗਿਆ ਸੀ ਜਾਂ ਜਾਣਬੁੱਝ ਕੇ ਝੂਠ ਬੋਲਿਆ ਗਿਆ ਸੀ। ਇਹ ਪੂਰੀ ਤਰ੍ਹਾਂ ਇੱਕ ਨਿਆਂਇਕ ਪ੍ਰਕਿਰਿਆ ਹੈ ਅਤੇ ਅੰਤਿਮ ਫ਼ੈਸਲਾ ਫੈਡਰਲ ਜੱਜ ਕਰਦਾ ਹੈ।

ਟਰੰਪ ਪ੍ਰਸ਼ਾਸਨ ਨੇ 2026 ਦੌਰਾਨ ਇਸ ਮੁਹਿੰਮ ਨੂੰ ਲਗਾਤਾਰ ਵਧਾਇਆ ਹੈ। ਮਾਰਚ ਵਿਚ ਕੁਝ ਕੇਸਾਂ ਤੋਂ ਸ਼ੁਰੂ ਹੋਈ ਇਹ ਕਾਰਵਾਈ ਮਈ ਵਿਚ 12 ਕੇਸਾਂ, ਜੂਨ ਵਿਚ 17 ਕੇਸਾਂ, ਜੁਲਾਈ ਵਿਚ 10 ਕੇਸਾਂ ਅਤੇ ਹੁਣ ਅਗਸਤ ਵਿਚ 25 ਕੇਸਾਂ ਤੱਕ ਪਹੁੰਚ ਗਈ ਹੈ। ਇਸ ਤੋਂ ਸਪੱਸ਼ਟ ਹੈ ਕਿ ਸਰਕਾਰ ਡੀਨੈਚੁਰਲਾਈਜ਼ੇਸ਼ਨ ਨੂੰ ਇਮੀਗ੍ਰੇਸ਼ਨ ਲਾਗੂ ਕਰਨ ਦੀ ਇੱਕ ਮਹੱਤਵਪੂਰਨ ਨੀਤੀ ਵਜੋਂ ਅੱਗੇ ਵਧਾ ਰਹੀ ਹੈ।

ਜਸਟਿਸ ਡਿਪਾਰਟਮੈਂਟ ਦਾ ਕਹਿਣਾ ਹੈ ਕਿ ਅਮਰੀਕੀ ਨਾਗਰਿਕਤਾ ਇੱਕ ਵਿਸ਼ੇਸ਼ ਅਧਿਕਾਰ ਹੈ, ਜਿਸਨੂੰ ਧੋਖੇ ਜਾਂ ਜਾਣਕਾਰੀ ਲੁਕਾ ਕੇ ਹਾਸਲ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਜੇ ਕਿਸੇ ਨੇ ਇਮੀਗ੍ਰੇਸ਼ਨ ਜਾਂ ਨੈਚੁਰਲਾਈਜ਼ੇਸ਼ਨ ਦੀ ਪ੍ਰਕਿਰਿਆ ਦੌਰਾਨ ਆਪਣੇ ਅਪਰਾਧਿਕ ਰਿਕਾਰਡ, ਝੂਠੇ ਵਿਆਹ, ਪਿਛਲੇ ਨਾਮ, ਦਹਿਸ਼ਤਗਰਦ ਗਤੀਵਿਧੀਆਂ, ਯੁੱਧ ਅਪਰਾਧ ਜਾਂ ਹੋਰ ਮਹੱਤਵਪੂਰਨ ਜਾਣਕਾਰੀ ਲੁਕਾਈ ਹੈ, ਤਾਂ ਉਸ ਖ਼ਿਲਾਫ਼ ਡੀਨੈਚੁਰਲਾਈਜ਼ੇਸ਼ਨ ਦੀ ਕਾਰਵਾਈ ਕੀਤੀ ਜਾ ਸਕਦੀ ਹੈ।

ਇਮੀਗ੍ਰੇਸ਼ਨ ਕਾਨੂੰਨ ਦੇ ਮਾਹਿਰਾਂ ਦਾ ਕਹਿਣਾ ਹੈ ਕਿ ਆਮ ਨੈਚੁਰਲਾਈਜ਼ਡ ਅਮਰੀਕੀ ਨਾਗਰਿਕਾਂ ਨੂੰ ਇਸ ਖ਼ਬਰ ਤੋਂ ਘਬਰਾਉਣ ਦੀ ਲੋੜ ਨਹੀਂ ਹੈ। ਜੇ ਕਿਸੇ ਨੇ ਸੱਚੀ ਜਾਣਕਾਰੀ ਦੇ ਕੇ ਅਤੇ ਕਾਨੂੰਨੀ ਤਰੀਕੇ ਨਾਲ ਨਾਗਰਿਕਤਾ ਪ੍ਰਾਪਤ ਕੀਤੀ ਹੈ, ਤਾਂ ਉਸ ਦੀ ਨਾਗਰਿਕਤਾ ਸਿਰਫ਼ ਕਿਸੇ ਨਵੇਂ ਅਪਰਾਧ ਦੇ ਆਧਾਰ 'ਤੇ ਰੱਦ ਨਹੀਂ ਕੀਤੀ ਜਾ ਸਕਦੀ। ਡੀਨੈਚੁਰਲਾਈਜ਼ੇਸ਼ਨ ਦੇ ਕੇਸਾਂ ਵਿਚ ਸਰਕਾਰ ਨੂੰ ਬਹੁਤ ਉੱਚੇ ਪੱਧਰ ਦਾ ਸਬੂਤ ਪੇਸ਼ ਕਰਨਾ ਪੈਂਦਾ ਹੈ ਅਤੇ ਹਰ ਕੇਸ ਵਿਚ ਅਦਾਲਤ ਵੱਲੋਂ ਵੱਖਰੇ ਤੌਰ 'ਤੇ ਸੁਣਵਾਈ ਹੁੰਦੀ ਹੈ।

ਇਸ ਕਾਰਵਾਈ ਨਾਲ ਇਹ ਵੀ ਸਪੱਸ਼ਟ ਹੋ ਗਿਆ ਹੈ ਕਿ ਟਰੰਪ ਪ੍ਰਸ਼ਾਸਨ ਹੁਣ ਗੈਰ-ਕਾਨੂੰਨੀ ਇਮੀਗ੍ਰੇਸ਼ਨ ਦੇ ਨਾਲ-ਨਾਲ ਕਾਨੂੰਨੀ ਇਮੀਗ੍ਰੇਸ਼ਨ ਪ੍ਰਕਿਰਿਆ ਵਿਚ ਹੋਈ ਕਥਿਤ ਧੋਖਾਧੜੀ 'ਤੇ ਵੀ ਪੂਰਾ ਧਿਆਨ ਦੇ ਰਿਹਾ ਹੈ। ਡੀ.ਓ.ਜੇ. ਅਤੇ ਯੂ.ਐੱਸ.ਸੀ.ਆਈ.ਐੱਸ. ਮਿਲ ਕੇ ਅਜਿਹੇ ਮਾਮਲਿਆਂ ਦੀ ਜਾਂਚ ਕਰ ਰਹੇ ਹਨ, ਜਿੱਥੇ ਸਰਕਾਰ ਨੂੰ ਸ਼ੱਕ ਹੈ ਕਿ ਨਾਗਰਿਕਤਾ ਧੋਖੇ ਜਾਂ ਜਾਣਕਾਰੀ ਲੁਕਾ ਕੇ ਪ੍ਰਾਪਤ ਕੀਤੀ ਗਈ ਸੀ।

ਅਮਰੀਕਾ ਵਿਚ ਲਗਭਗ ਢਾਈ ਕਰੋੜ ਨੈਚੁਰਲਾਈਜ਼ਡ ਨਾਗਰਿਕ ਹਨ। ਇਸ ਲਈ ਇਹ ਕਾਰਵਾਈ ਪੂਰੇ ਭਾਈਚਾਰੇ ਖ਼ਿਲਾਫ਼ ਨਹੀਂ, ਸਗੋਂ ਉਨ੍ਹਾਂ ਵਿਅਕਤੀਆਂ ਖ਼ਿਲਾਫ਼ ਹੈ, ਜਿਨ੍ਹਾਂ ਬਾਰੇ ਸਰਕਾਰ ਦਾ ਦਾਅਵਾ ਹੈ ਕਿ ਉਨ੍ਹਾਂ ਨੇ ਨਾਗਰਿਕਤਾ ਹਾਸਲ ਕਰਨ ਲਈ ਕਾਨੂੰਨ ਦੀ ਉਲੰਘਣਾ ਕੀਤੀ ਸੀ। ਹਾਲਾਂਕਿ, ਹਰ ਦੋਸ਼ੀ ਨੂੰ ਅਦਾਲਤ ਵਿਚ ਆਪਣਾ ਪੱਖ ਰੱਖਣ ਦਾ ਪੂਰਾ ਹੱਕ ਹੈ ਅਤੇ ਅਦਾਲਤ ਦੇ ਅੰਤਿਮ ਫ਼ੈਸਲੇ ਤੋਂ ਪਹਿਲਾਂ ਕਿਸੇ ਦੀ ਨਾਗਰਿਕਤਾ ਰੱਦ ਨਹੀਂ ਹੁੰਦੀ।

ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

**Paul Sahota**

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
ਫੋਨ : (559) 653-8130, 774-243-4154

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# TAKE CONTROL OF YOUR HEALTH!

## PRIVATE, AFFORDABLE, & CONVENIENT

# 8000+ TESTS

General Health, Food Allergy Testing, Paternity Testing, Hormone Testing, Diabetes Monitoring, STD Testing, & More!

## NO INSURANCE? NO PROBLEM!

WALK-INS WELCOME

ANYLABTEST NOW!



ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384

Address: 119. Maple AVe, Suite A Manteca, CA 95336


JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION
DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA
SACRAMENTO, CA
5855 AUBURN BLVD, SACRAMENTO, CA 95841 +1-917-915-4142
FREMONT, CA
3155 KEARNEY ST, SUITE #248, FREMONT, CA 94538 +1-510-657-6444
NEW YORK, NY
108-14 JAMAICA AVENUE, RICHMOND HILL, NY 11418 +1-718-533-8444
FRESNO, CA
1625 E SHAW AVE #122, FRESNO, CA 93711 +1-559-271-5511
NEW JERSEY, NJ
2060 OAK TREE ROAD #1, EDISON, NEW JERSEY, 08820 +1-732-453-6699
LOS ANGELES, CA
1013 N BEGONIA AVE, ONTARIO, CA 91762 +1-917-915-4142
CONTACT
+1-917-915-4142
Jaspreetsinghlaoffice@gmail.com

# ਵੋਟ ਤੋਂ ਬਾਅਦ ਲੋਕਾਂ ਦੀ ਆਵਾਜ਼ ਕਿਉਂ ਖਾਮੋਸ਼ ਹੋ ਜਾਂਦੀ ਹੈ?



ਕੁਲਬੀਰ ਸ਼ਰਮਾ
ਪਿੰਡ ਅਤੇ ਡਾਕ: ਝਬੇਲਵਾਲੀ
ਸ੍ਰੀ ਮੁਕਤਸਰ ਸਾਹਿਬ, ਪੰਜਾਬ
8427212104

ਹਰ ਲੋਕਤੰਤਰ ਦੀ ਸਭ ਤੋਂ ਵੱਡੀ ਤਾਕਤ ਲੋਕ ਹੁੰਦੇ ਹਨ ਅਤੇ ਲੋਕਾਂ ਦੀ ਸਭ ਤੋਂ ਵੱਡੀ ਤਾਕਤ ਉਨ੍ਹਾਂ ਦੀ ਵੋਟ। ਇਹੀ ਵੋਟ ਤੈਅ ਕਰਦੀ ਹੈ ਕਿ ਆਉਣ ਵਾਲੇ ਪੰਜ ਸਾਲਾਂ ਤੱਕ ਦੇਸ਼, ਰਾਜ ਜਾਂ ਇਲਾਕੇ ਦੀ ਅਗਵਾਈ ਕਿਸ ਦੇ ਹੱਥਾਂ ਵਿੱਚ ਹੋਵੇਗੀ। ਇਸ ਲਈ ਚੋਣਾਂ ਸਿਰਫ਼ ਸਰਕਾਰ ਬਣਾਉਣ ਦੀ ਪ੍ਰਕਿਰਿਆ ਨਹੀਂ ਹੁੰਦੀਆਂ, ਸਗੋਂ ਲੋਕਾਂ ਦੀਆਂ ਉਮੀਦਾਂ, ਭਰੋਸੇ ਅਤੇ ਭਵਿੱਖ ਨਾਲ ਜੁੜਿਆ ਇੱਕ ਅਹਿਮ ਫ਼ੈਸਲਾ ਹੁੰਦੀਆਂ ਹਨ। ਜਦੋਂ ਚੋਣਾਂ ਦਾ ਐਲਾਨ ਹੁੰਦਾ ਹੈ ਤਾਂ ਹਰ ਸਿਆਸੀ ਪਾਰਟੀ ਲੋਕਾਂ ਦੇ ਦਰ 'ਤੇ ਪਹੁੰਚਦੀ ਹੈ। ਵਿਕਾਸ ਦੇ ਵਾਅਦੇ ਹੁੰਦੇ ਹਨ, ਬੇਰੁਜ਼ਗਾਰੀ ਘਟਾਉਣ ਦੀਆਂ ਗੱਲਾਂ ਹੁੰਦੀਆਂ ਹਨ, ਨਸ਼ੇ ਨੂੰ ਰੋਕਣ, ਸਿੱਖਿਆ ਅਤੇ ਸਿਹਤ ਨੂੰ ਬਿਹਤਰ ਬਣਾਉਣ, ਭ੍ਰਿਸ਼ਟਾਚਾਰ ਖ਼ਤਮ ਕਰਨ, ਪਿੰਡਾਂ ਅਤੇ ਸ਼ਹਿਰਾਂ ਦੇ ਵਿਕਾਸ ਦੇ ਸੁਪਨੇ ਦਿਖਾਏ ਜਾਂਦੇ ਹਨ। ਉਸ ਵੇਲੇ ਇੱਕ ਆਮ ਨਾਗਰਿਕ ਨੂੰ ਲੱਗਦਾ ਹੈ ਕਿ ਉਸ ਦੀ ਵੋਟ ਸਿਰਫ਼ ਇੱਕ ਨਿਸ਼ਾਨ ਨਹੀਂ, ਸਗੋਂ ਉਸ ਦੇ ਬੱਚਿਆਂ, ਉਸ ਦੇ ਪਰਿਵਾਰ ਅਤੇ ਸਮਾਜ ਦੇ ਭਵਿੱਖ ਨੂੰ ਬਦਲਣ ਦੀ ਤਾਕਤ ਹੈ।

ਇਸੇ ਭਰੋਸੇ ਨਾਲ ਲੋਕ ਆਪਣੇ ਨੁਮਾਇੰਦੇ ਚੁਣਦੇ ਹਨ। ਮਾਪਿਆਂ ਨੂੰ ਆਸ ਹੁੰਦੀ ਹੈ ਕਿ ਉਨ੍ਹਾਂ ਦੇ ਬੱਚਿਆਂ ਨੂੰ ਆਪਣੇ ਹੀ ਦੇਸ਼ ਵਿੱਚ ਚੰਗਾ ਭਵਿੱਖ ਮਿਲੇਗਾ। ਨੌਜਵਾਨਾਂ ਨੂੰ ਉਮੀਦ ਹੁੰਦੀ ਹੈ ਕਿ ਉਨ੍ਹਾਂ ਦੀ ਮਿਹਨਤ ਨੂੰ ਯੋਗ ਰੁਜ਼ਗਾਰ ਮਿਲੇਗਾ। ਜਦਕਿ ਕਿਸਾਨ, ਮਜ਼ਦੂਰ, ਵਪਾਰੀ ਅਤੇ ਆਮ ਨਾਗਰਿਕ ਇਹ ਵਿਸ਼ਵਾਸ ਰੱਖਦੇ ਹਨ ਕਿ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਸੁਣਿਆ ਜਾਵੇਗਾ। ਲੋਕਤੰਤਰ ਦੀ ਨੀਂਹ ਹੀ ਭਰੋਸੇ 'ਤੇ ਟਿਕੀ ਹੋਈ ਹੈ।

ਪਰ ਚੋਣਾਂ ਤੋਂ ਬਾਅਦ, ਜਦੋਂ ਸੱਤਾ ਦੀ ਜ਼ਿੰਮੇਵਾਰੀ ਸੰਭਾਲੀ ਜਾਂਦੀ ਹੈ, ਤਾਂ ਲੋਕਾਂ ਨੂੰ ਅਕਸਰ ਤਰਜੀਹਾਂ ਬਦਲਦੀਆਂ ਨਜ਼ਰ ਆਉਂਦੀਆਂ ਹਨ। ਜਨਤਾ ਦੇ ਮੁੱਦਿਆਂ ਦੀ ਥਾਂ ਕਈ ਵਾਰ ਸਿਆਸੀ ਬਿਆਨਬਾਜ਼ੀ, ਸੋਸ਼ਲ ਮੀਡੀਆ 'ਤੇ ਛਵੀ ਬਣਾਉਣ ਦੀ ਦੌੜ, ਇੱਕ-ਦੂਜੇ 'ਤੇ ਦੋਸ਼ਾਰੋਪਣ ਅਤੇ ਪ੍ਰਚਾਰ ਵੱਧ ਹਾਵੀ ਨਜ਼ਰ ਆਉਂਦੇ ਹਨ। ਚੋਣਾਂ ਦੌਰਾਨ ਕੀਤੇ ਕਈ ਵਾਅਦੇ ਸਮੇਂ ਦੇ ਨਾਲ ਐਲਾਨਾਂ ਅਤੇ ਭਾਸ਼ਣਾਂ ਤੱਕ ਸੀਮਤ ਰਹਿ ਜਾਂਦੇ ਹਨ। ਆਮ ਨਾਗਰਿਕ ਆਪਣੀਆਂ ਸਮੱਸਿਆਵਾਂ ਦੇ ਹੱਲ ਲਈ ਦਫ਼ਤਰਾਂ ਦੇ ਚੱਕਰ ਕੱਟਦੇ ਹਨ, ਪਰ ਉਨ੍ਹਾਂ ਨੂੰ ਮਹਿਸੂਸ ਹੁੰਦਾ ਹੈ ਕਿ ਉਨ੍ਹਾਂ ਦੀ ਆਵਾਜ਼ ਫ਼ੈਸਲੇ ਲੈਣ ਵਾਲੇ ਦਰਵਾਜ਼ਿਆਂ ਤੱਕ ਪਹਿਲਾਂ ਜਿੰਨੀ ਅਹਿਮੀਅਤ ਨਾਲ ਨਹੀਂ ਪਹੁੰਚ ਰਹੀ। ਹੌਲੀ-ਹੌਲੀ ਲੋਕਾਂ ਦੇ ਮਨ ਵਿੱਚ ਇਹ ਸਵਾਲ ਜਨਮ ਲੈਣ ਲੱਗਦਾ ਹੈ ਕਿ ਕੀ ਚੋਣਾਂ ਵੇਲੇ ਕੀਤੇ ਗਏ ਵਾਅਦੇ ਸਿਰਫ਼ ਵੋਟਾਂ ਤੱਕ ਹੀ ਸੀਮਤ ਸਨ ਜਾਂ ਫਿਰ ਉਨ੍ਹਾਂ ਨੂੰ ਪੂਰਾ ਕਰਨ ਦੀ ਅਸਲ ਇੱਛਾ ਵੀ ਸੀ?

ਇਹ ਸਵਾਲ ਕਿਸੇ ਇੱਕ ਸਰਕਾਰ ਜਾਂ ਕਿਸੇ ਇੱਕ ਸਿਆਸੀ ਪਾਰਟੀ ਲਈ ਨਹੀਂ ਹੈ। ਇਹ ਉਸ ਹਰ ਲੋਕਤੰਤਰੀ ਪ੍ਰਣਾਲੀ ਲਈ ਹੈ ਜਿੱਥੇ ਲੋਕਾਂ ਨੂੰ ਆਪਣੇ ਹੀ ਹੱਕਾਂ ਲਈ ਵਾਰ-ਵਾਰ ਆਵਾਜ਼ ਉਠਾਉਣੀ ਪਵੇ। ਕੋਈ ਵੀ ਨਾਗਰਿਕ ਆਪਣਾ ਕੰਮ-ਕਾਜ ਛੱਡ ਕੇ ਧਰਨੇ, ਪ੍ਰਦਰਸ਼ਨ ਜਾਂ ਲੰਬੇ ਸੰਘਰਸ਼ ਕਰਨ ਦਾ ਸ਼ੌਕੀਨ ਨਹੀਂ ਹੁੰਦਾ। ਹਰ ਵਿਅਕਤੀ ਇਹੀ ਚਾਹੁੰਦਾ ਹੈ ਕਿ ਉਸ ਦੀ ਜਾਇਜ਼ ਗੱਲ ਨੂੰ ਸਮੇਂ ਸਿਰ ਸੁਣਿਆ ਜਾਵੇ ਅਤੇ ਉਸ ਦੀ ਸਮੱਸਿਆ ਦਾ ਹੱਲ ਸੰਵਾਦ ਰਾਹੀਂ ਨਿਕਲੇ। ਪਰ ਜਦੋਂ ਸੁਣਵਾਈ ਦੀ ਉਮੀਦ ਹੌਲੀ-ਹੌਲੀ ਉਡੀਕ ਵਿੱਚ ਅਤੇ ਉਡੀਕ ਨਿਰਾਸ਼ਾ ਵਿੱਚ ਬਦਲਣ ਲੱਗੇ, ਤਾਂ ਸੰਘਰਸ਼ ਆਪਣੇ ਆਪ ਜਨਮ ਲੈ ਲੈਂਦਾ ਹੈ। ਅਜਿਹੇ ਵੇਲੇ ਲੋਕਾਂ ਦੇ ਮਨ ਵਿੱਚ ਇੱਕ ਹੋਰ ਸਵਾਲ ਗੂੰਜਦਾ ਹੈ—ਕੀ ਲੋਕਤੰਤਰ ਦਾ ਰਿਸ਼ਤਾ ਸਿਰਫ਼ ਵੋਟਾਂ ਨਾਲ ਹੈ ਜਾਂ ਲੋਕਾਂ ਨਾਲ ਵੀ?

ਸੰਘਰਸ਼ ਦੀ ਸ਼ੁਰੂਆਤ ਉਸ ਦਿਨ ਨਹੀਂ ਹੁੰਦੀ, ਜਦੋਂ ਲੋਕ ਸੜਕਾਂ 'ਤੇ ਉਤਰਦੇ ਹਨ। ਉਸ ਦੀ ਸ਼ੁਰੂਆਤ ਤਾਂ ਉਸ ਵੇਲੇ ਹੋ ਜਾਂਦੀ ਹੈ, ਜਦੋਂ ਲੋਕਾਂ ਨੂੰ ਆਪਣੇ ਆਲੇ-ਦੁਆਲੇ ਉਮੀਦਾਂ ਦੇ ਉਲਟ ਹਾਲਾਤ ਨਜ਼ਰ ਆਉਣ ਲੱਗਦੇ ਹਨ। ਜਦੋਂ ਸਾਲਾਂ ਪੜ੍ਹਾਈ ਕਰਨ ਅਤੇ ਮਿਹਨਤ ਕਰਨ ਤੋਂ ਬਾਅਦ ਵੀ ਹਜ਼ਾਰਾਂ ਨੌਜਵਾਨ ਬੇਰੁਜ਼ਗਾਰੀ ਨਾਲ ਜੂਝਦੇ ਰਹਿਣ, ਜਦੋਂ ਭਰਤੀ ਪ੍ਰਕਿਰਿਆਵਾਂ ਵਿੱਚ ਲੰਬੀ ਦੇਰੀ ਹੋਵੇ ਜਾਂ ਪੇਪਰ ਲੀਕ ਵਰਗੀਆਂ ਘਟਨਾਵਾਂ ਉਨ੍ਹਾਂ ਦੇ ਭਵਿੱਖ 'ਤੇ ਸਵਾਲ ਖੜ੍ਹੇ ਕਰ ਦੇਣ, ਤਾਂ ਟੁੱਟਦਾ ਸਿਰਫ਼ ਇੱਕ ਸੁਪਨਾ ਨਹੀਂ ਹੁੰਦਾ, ਸਗੋਂ ਪੂਰੀ ਪ੍ਰਣਾਲੀ ਉੱਤੇ ਬਣਿਆ ਭਰੋਸਾ ਵੀ ਕਮਜ਼ੋਰ ਹੋਣ ਲੱਗਦਾ ਹੈ। ਇੱਕ ਨੌਜਵਾਨ ਆਪਣੀ ਜ਼ਿੰਦਗੀ ਦੇ ਕੀਮਤੀ ਸਾਲ ਕਿਤਾਬਾਂ ਅਤੇ ਪ੍ਰੀਖਿਆਵਾਂ ਲਈ ਲਗਾ ਦਿੰਦਾ ਹੈ, ਪਰ ਜਦੋਂ ਉਸ ਦੀ ਮਿਹਨਤ ਦਾ ਨਤੀਜਾ ਅਨਿਸ਼ਚਿਤਤਾ ਵਿੱਚ ਬਦਲ ਜਾਵੇ, ਤਾਂ ਉਸ ਦੇ ਮਨ ਵਿੱਚ ਨਿਰਾਸ਼ਾ ਪੈਦਾ ਹੋਣਾ ਸੁਭਾਵਿਕ ਹੈ।

ਇਸੇ ਤਰ੍ਹਾਂ ਜਦੋਂ ਨਸ਼ਾ ਅਜੇ ਵੀ ਅਨੇਕਾਂ ਪਰਿਵਾਰਾਂ ਦੀ ਚਿੰਤਾ ਬਣਿਆ ਰਹੇ, ਜਦੋਂ ਹਰ ਕੁਝ ਦਿਨਾਂ ਬਾਅਦ ਕਿਸੇ ਨੌਜਵਾਨ ਦੀ ਮੌਤ ਜਾਂ ਕਿਸੇ ਘਰ ਦੇ ਉਜੜਨ ਦੀ ਖ਼ਬਰ ਸਾਹਮਣੇ ਆਵੇ, ਤਾਂ ਲੋਕਾਂ ਦੇ ਮਨ ਵਿੱਚ ਇਹ ਸਵਾਲ ਉੱਠਣਾ ਲਾਜ਼ਮੀ ਹੈ ਕਿ ਚੋਣਾਂ ਦੌਰਾਨ ਕੀਤੇ ਗਏ ਵਾਅਦਿਆਂ ਦਾ ਅਸਰ ਜ਼ਮੀਨੀ ਪੱਧਰ 'ਤੇ ਕਿੰਨਾ ਦਿਖਾਈ ਦੇ ਰਿਹਾ ਹੈ। ਨਸ਼ਾ ਸਿਰਫ਼ ਇੱਕ ਵਿਅਕਤੀ ਦੀ ਸਮੱਸਿਆ ਨਹੀਂ ਹੁੰਦਾ, ਇਹ ਇੱਕ ਪਰਿਵਾਰ, ਇੱਕ ਪਿੰਡ ਅਤੇ ਹੌਲੀ-ਹੌਲੀ ਪੂਰੇ ਸਮਾਜ ਨੂੰ ਅੰਦਰੋਂ ਖੋਖਲਾ ਕਰ ਦਿੰਦਾ ਹੈ।

ਇਸੇ ਤਰ੍ਹਾਂ ਭ੍ਰਿਸ਼ਟਾਚਾਰ ਅਤੇ ਰਿਸ਼ਵਤਖੋਰੀ ਵੀ ਲੋਕਾਂ ਦੇ ਭਰੋਸੇ ਨੂੰ ਡੂੰਘੀ ਸੱਟ ਮਾਰਦੇ ਹਨ। ਜਦੋਂ ਆਮ ਨਾਗਰਿਕ ਨੂੰ ਆਪਣੇ ਜਾਇਜ਼ ਕੰਮ ਲਈ ਵੀ ਦਫ਼ਤਰਾਂ ਦੇ ਵਾਰ-ਵਾਰ ਚੱਕਰ ਲਗਾਉਣ ਪੈਣ, ਜਦੋਂ ਕੰਮ ਦੀ ਰਫ਼ਤਾਰ ਨਾਲੋਂ ਸਿਫ਼ਾਰਸ਼ ਅਤੇ ਪ੍ਰਭਾਵ ਨੂੰ ਵੱਧ ਅਹਿਮੀਅਤ ਮਿਲਦੀ ਮਹਿਸੂਸ ਹੋਵੇ, ਤਾਂ ਲੋਕਾਂ ਨੂੰ ਇਹ ਲੱਗਣ ਲੱਗਦਾ ਹੈ ਕਿ ਪ੍ਰਣਾਲੀ ਆਮ ਆਦਮੀ ਲਈ ਨਹੀਂ, ਸਗੋਂ ਕੁਝ ਗਿਣਤੀ ਦੇ ਲੋਕਾਂ ਲਈ ਆਸਾਨ ਹੈ। ਇਹੀ ਅਹਿਸਾਸ ਲੋਕਾਂ ਦੇ ਮਨ ਵਿੱਚ ਨਿਰਾਸ਼ਾ ਨੂੰ ਜਨਮ ਦਿੰਦਾ ਹੈ।

ਵਿਕਾਸ ਸਿਰਫ਼ ਵੱਡੇ ਪ੍ਰੋਜੈਕਟਾਂ ਜਾਂ ਉਦਘਾਟਨਾਂ ਦਾ ਨਾਮ ਨਹੀਂ ਹੁੰਦਾ। ਵਿਕਾਸ ਦਾ ਅਸਲ ਅਰਥ ਉਦੋਂ ਹੁੰਦਾ ਹੈ, ਜਦੋਂ ਪਿੰਡਾਂ ਅਤੇ ਸ਼ਹਿਰਾਂ ਵਿੱਚ ਰਹਿਣ ਵਾਲਾ ਆਮ ਨਾਗਰਿਕ ਆਪਣੇ ਜੀਵਨ ਵਿੱਚ ਬਦਲਾਅ ਮਹਿਸੂਸ ਕਰੇ। ਜਦੋਂ ਚੰਗੀਆਂ ਸੜਕਾਂ, ਸਾਫ਼ ਪਾਣੀ, ਬਿਹਤਰ ਸਿੱਖਿਆ, ਮਿਆਰੀ ਸਿਹਤ ਸਹੂਲਤਾਂ ਅਤੇ ਰੁਜ਼ਗਾਰ ਦੇ ਮੌਕੇ ਲੋਕਾਂ ਤੱਕ ਪਹੁੰਚਣ। ਪਰ ਜੇ ਸਾਲਾਂ ਬਾਅਦ ਵੀ ਲੋਕ ਉਹੀ ਸਮੱਸਿਆਵਾਂ ਨਾਲ ਜੂਝ ਰਹੇ ਹੋਣ, ਤਾਂ ਉਨ੍ਹਾਂ ਦੇ ਮਨ ਵਿੱਚ ਇਹ ਸਵਾਲ ਪੈਦਾ ਹੋਣਾ ਸੁਭਾਵਿਕ ਹੈ ਕਿ ਆਖ਼ਿਰ ਵਿਕਾਸ ਦੇ ਦਾਅਵੇ ਜ਼ਮੀਨ 'ਤੇ ਕਦੋਂ ਦਿਖਾਈ ਦੇਣਗੇ?

ਇਸ ਤੋਂ ਵੀ ਵੱਡੀ ਚਿੰਤਾ ਉਸ ਵੇਲੇ ਪੈਦਾ ਹੁੰਦੀ ਹੈ, ਜਦੋਂ ਲੋਕਾਂ ਦੇ ਮਨ ਵਿੱਚ ਸੁਰੱਖਿਆ ਦੀ ਭਾਵਨਾ ਕਮਜ਼ੋਰ ਹੋਣ ਲੱਗੇ। ਜੇ ਆਮ ਨਾਗਰਿਕ ਨੂੰ ਆਪਣੇ ਪਰਿਵਾਰ, ਆਪਣੇ ਬੱਚਿਆਂ ਜਾਂ ਆਪਣੇ ਭਵਿੱਖ ਨੂੰ ਲੈ ਕੇ ਵਾਰ-ਵਾਰ ਚਿੰਤਾ ਮਹਿਸੂਸ ਹੋਵੇ, ਤਾਂ ਇਹ ਸਿਰਫ਼ ਇੱਕ ਵਿਅਕਤੀ ਦੀ ਨਹੀਂ, ਸਗੋਂ ਪੂਰੇ ਸਮਾਜ ਦੀ ਚਿੰਤਾ ਬਣ ਜਾਂਦੀ ਹੈ। ਇੱਕ ਮਜ਼ਬੂਤ ਲੋਕਤੰਤਰ ਦੀ ਪਛਾਣ ਸਿਰਫ਼ ਚੋਣਾਂ ਨਾਲ ਨਹੀਂ, ਸਗੋਂ ਉਸ ਮਾਹੌਲ ਨਾਲ ਵੀ ਹੁੰਦੀ ਹੈ, ਜਿੱਥੇ ਲੋਕ ਆਪਣੇ ਆਪ ਨੂੰ ਸੁਰੱਖਿਅਤ, ਸਨਮਾਨਿਤ ਅਤੇ ਸੁਣਿਆ ਹੋਇਆ ਮਹਿਸੂਸ ਕਰਨ।

ਇਨ੍ਹਾਂ ਹਾਲਾਤਾਂ ਵਿੱਚ ਸਭ ਤੋਂ ਵੱਡਾ ਨੁਕਸਾਨ ਸਿਰਫ਼ ਵਿਕਾਸ ਦਾ ਨਹੀਂ ਹੁੰਦਾ, ਸਗੋਂ ਲੋਕਾਂ ਦੇ ਭਰੋਸੇ ਦਾ ਹੁੰਦਾ ਹੈ। ਜਦੋਂ ਵਾਰ-ਵਾਰ ਕੀਤੇ ਵਾਅਦੇ ਪੂਰੇ ਹੁੰਦੇ ਨਜ਼ਰ ਨਾ ਆਉਣ, ਤਾਂ ਲੋਕ ਹੌਲੀ-ਹੌਲੀ ਇਹ ਮੰਨਣ ਲੱਗ ਪੈਂਦੇ ਹਨ ਕਿ ਚੋਣਾਂ ਵੇਲੇ ਕਹੀਆਂ ਗਈਆਂ ਗੱਲਾਂ ਸਿਰਫ਼ ਵੋਟਾਂ ਤੱਕ ਹੀ ਸੀਮਤ ਸਨ। ਇਹ ਸੋਚ ਕਿਸੇ ਵੀ ਲੋਕਤੰਤਰ ਲਈ ਚੰਗਾ ਸੰਕੇਤ ਨਹੀਂ। ਜਦੋਂ ਨਾਗਰਿਕ ਆਪਣੀ ਹੀ ਵੋਟ ਦੀ ਤਾਕਤ 'ਤੇ ਸਵਾਲ ਉਠਾਉਣ ਲੱਗ ਪਏ, ਤਾਂ ਇਹ ਸਿਰਫ਼ ਇੱਕ ਸਰਕਾਰ ਨਹੀਂ, ਸਗੋਂ ਪੂਰੀ ਲੋਕਤੰਤਰੀ ਪ੍ਰਣਾਲੀ ਲਈ ਚਿੰਤਾ ਦਾ ਵਿਸ਼ਾ ਬਣ ਜਾਂਦਾ ਹੈ।

ਇਹ ਵੀ ਸੱਚ ਹੈ ਕਿ ਹਰ ਸਮੱਸਿਆ ਦਾ ਹੱਲ ਤੁਰੰਤ ਨਹੀਂ ਨਿਕਲ ਸਕਦਾ। ਸਰਕਾਰਾਂ ਨੂੰ ਕਈ ਚੁਣੌਤੀਆਂ ਅਤੇ ਸੀਮਾਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪਰ ਲੋਕ ਚਮਤਕਾਰ ਨਹੀਂ ਮੰਗਦੇ, ਉਹ ਸਿਰਫ਼ ਇਮਾਨਦਾਰ ਸੰਵਾਦ, ਸੁਣਵਾਈ ਅਤੇ ਆਪਣੇ ਮੁੱਦਿਆਂ ਨੂੰ ਤਰਜੀਹ ਮਿਲਣ ਦੀ ਉਮੀਦ ਰੱਖਦੇ ਹਨ।

ਜਦੋਂ ਸਰਕਾਰ ਅਤੇ ਲੋਕਾਂ ਵਿਚਕਾਰ ਸੰਵਾਦ ਜ਼ਿੰਦਾ ਰਹਿੰਦਾ ਹੈ, ਤਾਂ ਔਖੇ ਫ਼ੈਸਲੇ ਵੀ ਲੋਕ ਸਮਝਣ ਲਈ ਤਿਆਰ ਹੋ ਜਾਂਦੇ ਹਨ। ਪਰ ਜਿੱਥੇ ਚੁੱਪੀ ਵਧਣ ਲੱਗੇ, ਉੱਥੇ ਅਫ਼ਵਾਹਾਂ, ਨਿਰਾਸ਼ਾ ਅਤੇ ਅਸੰਤੁਸ਼ਟੀ ਆਪਣੀ ਜਗ੍ਹਾ ਬਣਾ ਲੈਂਦੀਆਂ ਹਨ।

ਇੱਕ ਹੋਰ ਹਕੀਕਤ ਇਹ ਵੀ ਹੈ ਕਿ ਅੱਜ ਦਾ ਨਾਗਰਿਕ ਪਹਿਲਾਂ ਨਾਲੋਂ ਕਾਫ਼ੀ ਜਾਗਰੂਕ ਹੈ। ਉਹ ਸਿਰਫ਼ ਭਾਸ਼ਣ ਨਹੀਂ ਸੁਣਦਾ, ਸਗੋਂ ਨਤੀਜੇ ਵੀ ਦੇਖਦਾ ਹੈ। ਉਹ ਸੋਸ਼ਲ ਮੀਡੀਆ, ਖ਼ਬਰਾਂ ਅਤੇ ਆਪਣੇ ਆਲੇ-ਦੁਆਲੇ ਦੇ ਮਾਹੌਲ ਤੋਂ ਹਰ ਰੋਜ਼ ਸਰਕਾਰ ਦੇ ਕੰਮਕਾਜ ਦਾ ਅੰਦਾਜ਼ਾ ਲਗਾਉਂਦਾ ਹੈ। ਹੁਣ ਲੋਕਾਂ ਨੂੰ ਸਿਰਫ਼ ਵਾਅਦੇ ਨਹੀਂ, ਸਗੋਂ ਉਨ੍ਹਾਂ ਦੀ ਪੂਰਤੀ ਦੇ ਸਬੂਤ ਚਾਹੀਦੇ ਹਨ। ਇਸ ਲਈ ਲੋਕਤੰਤਰ ਵਿੱਚ ਜਵਾਬਦੇਹੀ ਪਹਿਲਾਂ ਨਾਲੋਂ ਕਿਤੇ ਵੱਧ ਮਹੱਤਵਪੂਰਨ ਹੋ ਚੁੱਕੀ ਹੈ।

ਲੋਕਾਂ ਵੱਲੋਂ ਚੁਣੇ ਗਏ ਨੁਮਾਇੰਦਿਆਂ ਦੀ ਜ਼ਿੰਮੇਵਾਰੀ ਸਿਰਫ਼ ਵਿਧਾਨ ਸਭਾ ਜਾਂ ਸੰਸਦ ਤੱਕ ਸੀਮਤ ਨਹੀਂ ਹੁੰਦੀ। ਉਹ ਲੋਕਾਂ ਦੀ ਆਵਾਜ਼ ਬਣ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਪ੍ਰਸ਼ਾਸਨ ਤੱਕ ਪਹੁੰਚਾਉਣ ਲਈ ਚੁਣੇ ਜਾਂਦੇ ਹਨ। ਇੱਕ ਚੰਗਾ ਆਗੂ ਉਹ ਨਹੀਂ ਜੋ ਸਿਰਫ਼ ਚੋਣਾਂ ਦੌਰਾਨ ਲੋਕਾਂ ਦੇ ਦਰਵਾਜ਼ੇ 'ਤੇ ਦਿਖਾਈ ਦੇਵੇ, ਸਗੋਂ ਉਹ ਹੈ ਜੋ ਚੋਣਾਂ ਤੋਂ ਬਾਅਦ ਵੀ ਲੋਕਾਂ ਦੇ ਵਿਚ ਰਹਿ ਕੇ ਉਨ੍ਹਾਂ ਦੇ ਦੁੱਖ-ਸੁੱਖ ਨੂੰ ਸਮਝੇ ਅਤੇ ਆਪਣੇ ਫ਼ੈਸਲਿਆਂ ਵਿੱਚ ਉਸ ਦੀ ਝਲਕ ਦਿਖਾਵੇ। ਸੱਤਾ ਅਧਿਕਾਰ ਦਾ ਪ੍ਰਤੀਕ ਨਹੀਂ, ਸਗੋਂ ਜਵਾਬਦੇਹੀ ਅਤੇ ਸੇਵਾ ਦੀ ਸਭ ਤੋਂ ਵੱਡੀ ਕਸੌਟੀ ਹੈ।

ਜਦੋਂ ਇਹ ਸੋਚ ਮਜ਼ਬੂਤ ਹੋਵੇਗੀ ਕਿ ਹਰ ਫ਼ੈਸਲੇ ਦੇ ਕੇਂਦਰ ਵਿੱਚ ਲੋਕ ਹਨ, ਤਦੋਂ ਹੀ ਲੋਕਾਂ ਨੂੰ ਇਹ ਮਹਿਸੂਸ ਹੋਵੇਗਾ ਕਿ ਉਨ੍ਹਾਂ ਦੀ ਵੋਟ ਦੀ ਕੀਮਤ ਸਿਰਫ਼ ਚੋਣਾਂ ਵਾਲੇ ਦਿਨ ਨਹੀਂ, ਸਗੋਂ ਪੂਰੇ ਪੰਜ ਸਾਲ ਬਰਾਬਰ ਰਹਿੰਦੀ ਹੈ। ਉਸ ਦਿਨ ਸ਼ਾਇਦ ਲੋਕਾਂ ਨੂੰ ਆਪਣੇ ਹੀ ਹੱਕਾਂ ਲਈ ਵਾਰ-ਵਾਰ ਸੜਕਾਂ 'ਤੇ ਆਉਣ ਦੀ ਲੋੜ ਵੀ ਘੱਟ ਪਵੇਗੀ।

ਲੋਕਤੰਤਰ ਦੀ ਤਾਕਤ ਸਿਰਫ਼ ਚੋਣਾਂ ਕਰਵਾਉਣ ਵਿੱਚ ਨਹੀਂ, ਸਗੋਂ ਚੋਣਾਂ ਤੋਂ ਬਾਅਦ ਲੋਕਾਂ ਦੇ ਭਰੋਸੇ ਨੂੰ ਕਾਇਮ ਰੱਖਣ ਵਿੱਚ ਹੁੰਦੀ ਹੈ। ਜੇ ਲੋਕਾਂ ਨੂੰ ਆਪਣੀ ਹੀ ਸਰਕਾਰ ਤੱਕ ਆਪਣੀ ਗੱਲ ਪਹੁੰਚਾਉਣ ਲਈ ਵਾਰ-ਵਾਰ ਧਰਨੇ, ਪ੍ਰਦਰਸ਼ਨ ਅਤੇ ਸੰਘਰਸ਼ਾਂ ਦਾ ਸਹਾਰਾ ਲੈਣਾ ਪਵੇ, ਤਾਂ ਇਹ ਸਿਰਫ਼ ਲੋਕਾਂ ਦੀ ਬੇਚੈਨੀ ਨਹੀਂ, ਸਗੋਂ ਪ੍ਰਣਾਲੀ ਲਈ ਵੀ ਆਤਮ-ਚਿੰਤਨ ਦਾ ਵਿਸ਼ਾ ਹੈ। ਲੋਕਾਂ ਦੀ ਆਵਾਜ਼ ਨੂੰ ਉਦੋਂ ਹੀ ਨਹੀਂ ਸੁਣਿਆ ਜਾਣਾ ਚਾਹੀਦਾ ਜਦੋਂ ਵੋਟਾਂ ਦੀ ਲੋੜ ਹੋਵੇ, ਸਗੋਂ ਉਦੋਂ ਵੀ ਜਦੋਂ ਉਹ ਆਪਣੀਆਂ ਜਾਇਜ਼ ਸਮੱਸਿਆਵਾਂ ਦਾ ਹੱਲ ਮੰਗ ਰਹੇ ਹੋਣ। ਲੋਕਤੰਤਰ ਵਿੱਚ ਜਨਤਾ ਵਿਰੋਧੀ ਧਿਰ ਨਹੀਂ ਹੁੰਦੀ, ਸਗੋਂ ਉਹੀ ਇਸ ਦੀ ਸਭ ਤੋਂ ਵੱਡੀ ਤਾਕਤ ਅਤੇ ਅਸਲ ਮਾਲਕ ਹੁੰਦੀ ਹੈ।

ਅੱਜ ਲੋੜ ਕਿਸੇ ਇੱਕ ਨਵੀਂ ਸਰਕਾਰ ਦੀ ਨਹੀਂ, ਸਗੋਂ ਇੱਕ ਨਵੀਂ ਸੋਚ ਦੀ ਹੈ ਅਜਿਹੀ ਸੋਚ, ਜਿਸ ਵਿੱਚ ਚੋਣਾਂ ਤੋਂ ਪਹਿਲਾਂ ਕੀਤੇ ਵਾਅਦੇ ਚੋਣਾਂ ਤੋਂ ਬਾਅਦ ਵੀ ਬਰਾਬਰ ਮਹੱਤਵ ਰੱਖਣ; ਜਿਸ ਵਿੱਚ ਨੌਜਵਾਨਾਂ ਨੂੰ ਆਪਣੇ ਭਵਿੱਖ ਲਈ ਵਿਦੇਸ਼ਾਂ ਵੱਲ ਨਾ ਤੱਕਣਾ ਪਵੇ; ਜਿਸ ਵਿੱਚ ਮਾਪੇ ਆਪਣੇ ਬੱਚਿਆਂ ਨੂੰ ਨਸ਼ੇ ਤੋਂ ਨਹੀਂ, ਉਨ੍ਹਾਂ ਦੇ ਸੁਪਨਿਆਂ ਤੋਂ ਪਛਾਣਨ; ਜਿਸ ਵਿੱਚ ਇਮਾਨਦਾਰ ਵਿਅਕਤੀ ਨੂੰ ਆਪਣੇ ਹੀ ਕੰਮ ਲਈ ਸਿਫ਼ਾਰਸ਼ਾਂ ਜਾਂ ਰਿਸ਼ਵਤ ਦਾ ਸਹਾਰਾ ਨਾ ਲੈਣਾ ਪਵੇ; ਜਿਸ ਵਿੱਚ ਪਿੰਡਾਂ ਅਤੇ ਸ਼ਹਿਰਾਂ ਦਾ ਵਿਕਾਸ ਸਿਰਫ਼ ਕਾਗਜ਼ਾਂ ਜਾਂ ਭਾਸ਼ਣਾਂ ਵਿੱਚ ਨਹੀਂ, ਸਗੋਂ ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਵਿੱਚ ਦਿਖਾਈ ਦੇਵੇ।

ਲੋਕਤੰਤਰ ਨੂੰ ਬਚਾਉਣ ਦੀ ਜ਼ਿੰਮੇਵਾਰੀ ਸਿਰਫ਼ ਸੰਵਿਧਾਨ ਜਾਂ ਸੰਸਥਾਵਾਂ ਦੀ ਨਹੀਂ, ਸਗੋਂ ਉਸ ਭਰੋਸੇ ਦੀ ਹੈ ਜੋ ਇੱਕ ਆਮ ਨਾਗਰਿਕ ਹਰ ਵਾਰ ਵੋਟ ਪਾਉਂਦੇ ਸਮੇਂ ਆਪਣੇ ਮਨ ਵਿੱਚ ਲੈ ਕੇ ਜਾਂਦਾ ਹੈ। ਜੇ ਉਹ ਭਰੋਸਾ ਜ਼ਿੰਦਾ ਰਹੇਗਾ, ਤਾਂ ਲੋਕਤੰਤਰ ਵੀ ਮਜ਼ਬੂਤ ਰਹੇਗਾ; ਪਰ ਜੇ ਉਹੀ ਭਰੋਸਾ ਟੁੱਟਣ ਲੱਗ ਪਿਆ, ਤਾਂ ਸਭ ਤੋਂ ਵੱਡਾ ਨੁਕਸਾਨ ਕਿਸੇ ਇੱਕ ਸਰਕਾਰ ਦਾ ਨਹੀਂ, ਪੂਰੇ ਲੋਕਤੰਤਰ ਦਾ ਹੋਵੇਗਾ।

ਇਸ ਲਈ ਸਵਾਲ ਅੱਜ ਵੀ ਉਹੀ ਹੈ, ਅਤੇ ਸ਼ਾਇਦ ਆਉਣ ਵਾਲੇ ਸਮੇਂ ਲਈ ਵੀ ਰਹੇਗਾ—ਕੀ ਲੋਕਾਂ ਦੀ ਕੀਮਤ ਸਿਰਫ਼ ਵੋਟ ਪਾਉਣ ਵਾਲੇ ਦਿਨ ਤੱਕ ਹੀ ਹੈ, ਜਾਂ ਫਿਰ ਪੂਰੇ ਪੰਜ ਸਾਲ? ਜਿਸ ਦਿਨ ਇਸ ਸਵਾਲ ਦਾ ਜਵਾਬ ਵਿਵਹਾਰ ਵਿੱਚ ਮਿਲਣਾ ਸ਼ੁਰੂ ਹੋ ਜਾਵੇਗਾ, ਉਸ ਦਿਨ ਸ਼ਾਇਦ ਕਿਸੇ ਨੂੰ ਇਹ ਪੁੱਛਣ ਦੀ ਲੋੜ ਨਹੀਂ ਪਵੇਗੀ—"ਆਖ਼ਿਰ ਵੋਟ ਤੋਂ ਬਾਅਦ ਲੋਕਾਂ ਦੀ ਆਵਾਜ਼ ਖਾਮੋਸ਼ ਕਿਉਂ ਹੋ ਜਾਂਦੀ ਹੈ?"

Chevron
TRUCK STOP
OPEN PARKING, DELI, SHOWER, LAUNDRY
• ਸਸਤਾ ਡੀਜ਼ਲ • ਕਾਰਾਂ ਦੀ ਸਸਤੀ ਗੈਸ
We accept all major fleet cards, credit cards including, Visa, MC, AE, Discover, Voyag and Writer Express.
(Or $9 off Chevron In-Store Purchase)
ਇਥੇ ਪੰਜਾਬੀ ਰੈਸਟੋਰੈਂਟ ਵੀ ਹੈ ਅਤੇ ਹਰ ਵੇਲੇ ਪੰਜਾਬੀ ਖਾਣਾ ਮਿਲਦਾ ਹੈ।
Contact :
BALRAJ SINGH PANNU
541-942-0105
Chevron
1250, Gateway Blvd. Cottage, OR 97424,
Ph : 541-942-4142 Fax : 541-942-9668



PIONEER VILLA
Chevron
TRUCK PLAZA
MOTEL • RESTAURANT
LOUNGE • MINI-MART
GIFT SHOP • OPEN 24 HR
FLEET • MULTI SERVICE
WE ACCEPT-TCH T-CHECK
COM CHECK - EFS -
ALL MAJOR CREDIT CARDS
PREETI PANNU
(541) 369-2801
FAX (541) 369-3810
33180 HWY 228 HALSEY, OR 97348




RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280

## ਡਤਾਈਵਰ ਵੀ ਜਿੰਦਗੀ ਦੇ 2 ਸਭ ਤੋਂ ਵੱਡੇ ਦੁਸ਼ਮਣ ਕੌਣ?

## ਕਾਗਜ਼ ਤੇ ਘਾਣ ਦਾ ਇਨਵੌਇਸ!



# ਇਨਵੌਇਸ ਬਣਾਓ ਆਸਾਨ, ਤੇ ਚਲੋ ਬੱਸ ਮਸਤਾਨ!

ਘੱਟ ਕਾਗਜ਼ੀ ਕੰਮ. ਹੋਰ ਕਿਲੋਮੀਟਰ. ਇਨਵੌਇਸ ਸਮਾਰਟ ਬਣਾਓ **Traki** ਨਾਲ.

INVOICE $

### ਕਾਗਜ਼ ਸੰਭਾਲੋ
ਫੋਟੋ, PDF ਤੇ ਆਪਣੇ ਡੌਕੂਮੈਂਟ ਇਕੱਤਰ ਰੱਖੋ.

### ਇਨਵੌਇਸ ਬਣਾਓ
AI ਮਦਦ ਨਾਲ ਆਟੋ ਫਿਲ ਅਤੇ ਪੇਸ਼ੇਵਰ ਇਨਵੌਇਸ ਤਿਆਰ.

### ਕਮਾਈ ਵਧਾਓ
ਰਿਪੋਰਟ ਵੇਖੋ, ਕਮਾਈ ਟ੍ਰੈਕ ਕਰੋ, ਤੇ ਟਾਈਮ ਬਚਾਓ.

### ਅੱਜ ਹੀ ਸ਼ੁਰੂ ਕਰੋ!

**3 ਦਿਨ ਦਾ ਮੁਫ਼ਤ TRIAL ਮਿਲੇਗਾ!**

ਟਰਾਈ ਕਰੋ, ਪਸੰਦ ਆਇਆ ਤਾਂ ਅੱਗੇ ਵਧੋ!

QR ਸਕੈਨ ਕਰੋ ਤੇ Traki ਡਾਊਨਲੋਡ ਕਰੋ ਹੁਣੇ!

**ਟਾਈਮ ਬਚਾਓ**
ਕਾਗਜ਼ੀ ਕੰਮ ਘੱਟ, ਡਰਾਈਵ ਵੱਧ.

**ਗਲਤੀ ਘੱਟ**
ਆਟੋਮੈਟਿਕ ਫਿਲ ਤੇ ਸਹੀ ਇਨਵੌਇਸ.

**ਆਫਲਾਈਨ ਕੰਮ**
ਇੰਟਰਨੈੱਟ ਬਿਨ੍ਹਾਂ ਵੀ ਸਭ ਕੁਝ ਚੱਲਦਾ.

**ਸਭ ਕੁਝ ਇੱਕ ਜਗ੍ਹਾ**
ਡੌਕੂਮੈਂਟ, ਇਨਵੌਇਸ ਤੇ ਰਿਪੋਰਟ – ਸਭ ਨਾਲ.

ਹੋਰ ਜਾਣਕਾਰੀ ਲਈ ਵੇਖੋ | TRAKIAPP.COM

**TRAKI**
ਡਰਾਈਵਰ ਦਾ ਅਸਲੀ ਯਾਰ.


web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
"ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ"
ਰਾਜਿੰਦਰ ਟਾਂਡਾ
ਅੱਜ ਹੀ ਕਾਲ ਕਰੋ :
Ph : (209) 636-0880 | Ph : (209) 364-3020 | Cell :(510) 557-6988
Address: 159 Darcy Pkwy Lathrop, CA 95330




# ਨੀਟ-ਯੂਜੀ ਵਿੱਚ ਦੋ-ਪੜਾਅ ਪ੍ਰੀਖਿਆ ਪ੍ਰਣਾਲੀ ਆ ਸਕਦੀ ਹੈ ਕੇਂਦਰ ਸਰਕਾਰ ਪ੍ਰਸਤਾਵ 'ਤੇ ਕਰ ਰਹੀ ਹੈ ਵਿਚਾਰ

ਭਾਰਤ ਵਿੱਚ ਡਾਕਟਰੀ ਸਿੱਖਿਆ ਲਈ ਹੋਣ ਵਾਲੀ ਸਭ ਤੋਂ ਵੱਡੀ ਦਾਖਲਾ ਪ੍ਰੀਖਿਆ ਨੀਟ ਯੂਜੀ ਵਿਚ ਜਲਦੀ ਹੀ ਇੱਕ ਵੱਡਾ ਬਦਲਾਅ ਦੇਖਣ ਨੂੰ ਮਿਲ ਸਕਦਾ ਹੈ। ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਨੂੰ ਦੱਸਿਆ ਹੈ ਕਿ ਉਹ ਜੇਈਈ  ਦੀ ਤਰ੍ਹਾਂ ਦੋ-ਪੜਾਅ ਵਾਲੀ ਪ੍ਰੀਖਿਆ ਪ੍ਰਣਾਲੀ ਲਾਗੂ ਕਰਨ ਦੀ ਸੰਭਾਵਨਾ 'ਤੇ ਗੰਭੀਰਤਾ ਨਾਲ ਵਿਚਾਰ ਕਰ ਰਹੀ ਹੈ। ਜੇਕਰ ਇਹ ਪ੍ਰਸਤਾਵ ਮਨਜ਼ੂਰ ਹੋ ਜਾਂਦਾ ਹੈ, ਤਾਂ ਭਾਰਤ ਵਿੱਚ ਡਾਕਟਰੀ ਦਾਖਲੇ ਦੀ ਪ੍ਰਕਿਰਿਆ ਵਿੱਚ ਇੱਕ ਨਵਾਂ ਅਧਿਆਇ ਸ਼ੁਰੂ ਹੋ ਸਕਦਾ ਹੈ।

ਹਰ ਸਾਲ ਲਗਭਗ 25 ਲੱਖ ਵਿਦਿਆਰਥੀ ਨੀਟ-ਯੂਜੀ ਦੀ ਪ੍ਰੀਖਿਆ ਦਿੰਦੇ ਹਨ। ਇੰਨੀ ਵੱਡੀ ਗਿਣਤੀ ਵਿੱਚ ਪ੍ਰੀਖਿਆ ਕਰਵਾਉਣਾ, ਇਸ ਦੀ ਸੁਰੱਖਿਆ ਯਕੀਨੀ ਬਣਾਉਣਾ ਅਤੇ ਪਾਰਦਰਸ਼ਤਾ ਕਾਇਮ ਰੱਖਣਾ ਇੱਕ ਵੱਡੀ ਚੁਣੌਤੀ ਬਣ ਚੁੱਕੀ ਹੈ। ਪਿਛਲੇ ਕੁਝ ਸਾਲਾਂ ਵਿੱਚ ਪੇਪਰ ਲੀਕ, ਗੜਬੜੀਆਂ ਦੇ ਦੋਸ਼ ਅਤੇ ਕਾਨੂੰਨੀ ਵਿਵਾਦਾਂ ਨੇ ਵੀ ਪ੍ਰੀਖਿਆ ਪ੍ਰਣਾਲੀ ਵਿੱਚ ਸੁਧਾਰ ਦੀ ਲੋੜ ਨੂੰ ਹੋਰ ਉਭਾਰਿਆ ਹੈ।

ਦੋ-ਪੜਾਅ ਪ੍ਰਣਾਲੀ ਕਿਉਂ?

ਜੇਈਈ ਪ੍ਰੀਖਿਆ ਵਿੱਚ ਪਹਿਲਾਂ ਜੇਈਈ ਅਤੇ ਫਿਰ ਚੁਣੇ ਹੋਏ ਵਿਦਿਆਰਥੀਆਂ ਲਈ ਜੇਈਈ ਏਡਵਾਂਸ ਕਰਵਾਇਆ ਜਾਂਦਾ ਹੈ। ਇਸੇ ਮਾਡਲ ਨੂੰ ਧਿਆਨ ਵਿੱਚ ਰੱਖਦਿਆਂ ਨੀਟ ਲਈ ਵੀ ਦੋ ਪੜਾਅ ਦੀ ਪ੍ਰਣਾਲੀ 'ਤੇ ਵਿਚਾਰ ਕੀਤਾ ਜਾ ਰਿਹਾ ਹੈ।

ਸੰਭਾਵਿਤ ਰੂਪ ਵਿੱਚ:

ਪਹਿਲਾ ਪੜਾਅ: ਸਾਰੇ ਯੋਗ ਉਮੀਦਵਾਰਾਂ ਲਈ ਪ੍ਰਾਰੰਭਿਕ ਸਕ੍ਰੀਨਿੰਗ ਪ੍ਰੀਖਿਆ।

ਦੂਜਾ ਪੜਾਅ: ਪਹਿਲੇ ਪੜਾਅ ਵਿੱਚ ਸਫਲ ਰਹੇ ਵਿਦਿਆਰਥੀਆਂ ਲਈ ਉੱਚ ਪੱਧਰੀ ਪ੍ਰੀਖਿਆ, ਜਿਸ ਦੇ ਆਧਾਰ 'ਤੇ ਮੈਡੀਕਲ ਕਾਲਜਾਂ ਵਿੱਚ ਦਾਖਲਾ ਦਿੱਤਾ ਜਾਵੇ।

ਹਾਲਾਂਕਿ ਸਰਕਾਰ ਨੇ ਅਜੇ ਤੱਕ ਕੋਈ ਅੰਤਿਮ ਫੈਸਲਾ ਨਹੀਂ ਕੀਤਾ, ਪਰ ਵੱਖ-ਵੱਖ ਵਿਕਲਪਾਂ ਦਾ ਅਧਿਐਨ ਜਾਰੀ ਹੈ।

ਸੰਭਾਵਿਤ ਲਾਭ

ਦੋ-ਪੜਾਅ ਪ੍ਰਣਾਲੀ ਨਾਲ ਕਈ ਫਾਇਦੇ ਹੋ ਸਕਦੇ ਹਨ।

1. ਪ੍ਰੀਖਿਆ ਦੀ ਸੁਰੱਖਿਆ ਵਿੱਚ ਸੁਧਾਰ:

ਦੂਜੇ ਪੜਾਅ ਵਿੱਚ ਘੱਟ ਉਮੀਦਵਾਰ ਹੋਣ ਕਰਕੇ ਪ੍ਰੀਖਿਆ ਨੂੰ ਵਧੇਰੇ ਸੁਰੱਖਿਅਤ ਅਤੇ ਪਾਰਦਰਸ਼ੀ ਢੰਗ ਨਾਲ ਕਰਵਾਇਆ ਜਾ ਸਕੇਗਾ।

2. ਯੋਗਤਾ ਦਾ ਬਿਹਤਰ ਮੁਲਾਂਕਣ:

ਇੱਕ ਹੀ ਦਿਨ ਦੀ ਪ੍ਰੀਖਿਆ 'ਤੇ ਨਿਰਭਰ ਰਹਿਣ ਦੀ ਬਜਾਏ ਦੋ ਪੜਾਅ ਰਾਹੀਂ ਵਿਦਿਆਰਥੀਆਂ ਦੀ ਅਸਲ ਯੋਗਤਾ ਨੂੰ ਹੋਰ ਚੰਗੇ ਢੰਗ ਨਾਲ ਪਰਖਿਆ ਜਾ ਸਕੇਗਾ।

3. ਪ੍ਰਸ਼ਾਸਨਿਕ ਸੁਵਿਧਾ:

ਦੂਜੇ ਪੜਾਅ ਵਿੱਚ ਘੱਟ ਵਿਦਿਆਰਥੀਆਂ ਕਾਰਨ ਪ੍ਰੀਖਿਆ ਕੇਂਦਰਾਂ ਦੀ ਵਿਵਸਥਾ ਅਤੇ ਨਿਗਰਾਨੀ ਹੋਰ ਪ੍ਰਭਾਵਸ਼ਾਲੀ ਬਣ ਸਕਦੀ ਹੈ।

4. ਭਰੋਸੇ ਵਿੱਚ ਵਾਧਾ:

ਪਾਰਦਰਸ਼ੀ ਅਤੇ ਬਹੁ-ਪੜਾਅ ਪ੍ਰਕਿਰਿਆ ਨਾਲ ਵਿਦਿਆਰਥੀਆਂ ਅਤੇ ਮਾਪਿਆਂ ਦਾ ਭਰੋਸਾ ਵਧ ਸਕਦਾ ਹੈ।

ਸੰਭਾਵਿਤ ਚੁਣੌਤੀਆਂ

ਇਸ ਪ੍ਰਣਾਲੀ ਨਾਲ ਕੁਝ ਮੁਸ਼ਕਲਾਂ ਵੀ ਸਾਹਮਣੇ ਆ ਸਕਦੀਆਂ ਹਨ।

ਵਿਦਿਆਰਥੀਆਂ ਨੂੰ ਇੱਕ ਦੀ ਥਾਂ ਦੋ ਮੁਕਾਬਲਾਤੀ ਪ੍ਰੀਖਿਆਵਾਂ ਦੀ ਤਿਆਰੀ ਕਰਨੀ ਪਵੇਗੀ, ਜਿਸ ਨਾਲ ਮਾਨਸਿਕ ਦਬਾਅ ਵੱਧ ਸਕਦਾ ਹੈ। ਕੋਚਿੰਗ, ਯਾਤਰਾ ਅਤੇ ਪ੍ਰੀਖਿਆ ਨਾਲ ਜੁੜੇ ਖਰਚੇ ਵੀ ਵਧ ਸਕਦੇ ਹਨ।

ਸਿੱਖਿਆ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਸੁਧਾਰ ਪਿੰਡਾਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਦੇ ਵਿਦਿਆਰਥੀਆਂ ਲਈ ਵਾਧੂ ਮੁਸ਼ਕਲਾਂ ਪੈਦਾ ਨਾ ਕਰੇ, ਇਸ ਲਈ ਸੰਤੁਲਿਤ ਨੀਤੀ ਬਣਾਉਣੀ ਲਾਜ਼ਮੀ ਹੈ।

ਸਿੱਖਿਆ ਵਿਸ਼ੇਸ਼ਗਿਆਨ ਮੰਨਦੇ ਹਨ ਕਿ ਸਿਰਫ਼ ਪ੍ਰੀਖਿਆ ਦਾ ਢਾਂਚਾ ਬਦਲਣਾ ਹੀ ਕਾਫ਼ੀ ਨਹੀਂ। ਪੇਪਰਾਂ ਦੀ ਡਿਜ਼ੀਟਲ ਸੁਰੱਖਿਆ, ਪ੍ਰੀਖਿਆ ਕੇਂਦਰਾਂ ਦੀ ਨਿਗਰਾਨੀ, ਸ਼ਿਕਾਇਤਾਂ ਦਾ ਤੇਜ਼ ਨਿਪਟਾਰਾ ਅਤੇ ਨਕਲ ਜਾਂ ਧੋਖਾਧੜੀ ਖ਼ਿਲਾਫ਼ ਸਖ਼ਤ ਕਾਰਵਾਈ ਵੀ ਉਤਨੀ ਹੀ ਜ਼ਰੂਰੀ ਹੈ।

ਕਈ ਮੈਡੀਕਲ ਸਿੱਖਿਆ ਮਾਹਿਰ ਇਹ ਵੀ ਸੁਝਾਅ ਦਿੰਦੇ ਹਨ ਕਿ ਭਵਿੱਖ ਦੀਆਂ ਪ੍ਰੀਖਿਆਵਾਂ ਵਿੱਚ ਸਿਰਫ਼ ਰਟਨ ਦੀ ਬਜਾਏ ਵਿਸ਼ਲੇਸ਼ਣਾਤਮਕ ਸੋਚ, ਵਿਗਿਆਨਕ ਤਰਕ, ਸਮੱਸਿਆ ਹੱਲ ਕਰਨ ਦੀ ਯੋਗਤਾ ਅਤੇ ਨੈਤਿਕ ਸਮਝ ਨੂੰ ਵੀ ਮਹੱਤਵ ਦਿੱਤਾ ਜਾਣਾ ਚਾਹੀਦਾ ਹੈ।

ਵਿਦਿਆਰਥੀਆਂ ਲਈ ਕੀ ਅਰਥ ਹੈ?

ਫਿਲਹਾਲ ਨੀਟ-ਯੂਜੀ ਦੀ ਤਿਆਰੀ ਕਰ ਰਹੇ ਵਿਦਿਆਰਥੀਆਂ ਨੂੰ ਘਬਰਾਉਣ ਦੀ ਲੋੜ ਨਹੀਂ ਹੈ। ਸਰਕਾਰ ਨੇ ਅਜੇ ਸਿਰਫ਼ ਇਹ ਕਿਹਾ ਹੈ ਕਿ ਪ੍ਰਸਤਾਵ 'ਤੇ ਵਿਚਾਰ ਕੀਤਾ ਜਾ ਰਿਹਾ ਹੈ। ਜਦੋਂ ਤੱਕ ਕੋਈ ਅਧਿਕਾਰਤ ਐਲਾਨ ਨਹੀਂ ਹੁੰਦਾ, ਤਦ ਤੱਕ ਮੌਜੂਦਾ ਪਾਠਕ੍ਰਮ ਅਤੇ ਪ੍ਰੀਖਿਆ ਪੈਟਰਨ ਅਨੁਸਾਰ ਹੀ ਤਿਆਰੀ ਜਾਰੀ ਰੱਖਣੀ ਚਾਹੀਦੀ ਹੈ।


ਭਾਰਤ ਨੂੰ ਭਵਿੱਖ ਵਿੱਚ ਯੋਗ, ਇਮਾਨਦਾਰ ਅਤੇ ਕਾਬਲ ਡਾਕਟਰਾਂ ਦੀ ਲੋੜ ਹੈ। ਇਸ ਲਈ ਮੈਡੀਕਲ ਦਾਖਲਾ ਪ੍ਰਣਾਲੀ ਨੂੰ ਵੀ ਸਮੇਂ ਦੇ ਨਾਲ ਹੋਰ ਸੁਰੱਖਿਅਤ, ਪਾਰਦਰਸ਼ੀ ਅਤੇ ਭਰੋਸੇਯੋਗ ਬਣਾਉਣਾ ਜ਼ਰੂਰੀ ਹੈ।ਜੇ ਦੋ-ਪੜਾਅ ਵਾਲੀ ਨੀਟ-ਯੂਜੀ ਪ੍ਰਣਾਲੀ ਸੋਚ-ਵਿਚਾਰ, ਵਿਦਿਆਰਥੀਆਂ ਦੇ ਹਿੱਤ ਅਤੇ ਸਮਾਨ ਮੌਕਿਆਂ ਨੂੰ ਧਿਆਨ ਵਿੱਚ ਰੱਖ ਕੇ ਲਾਗੂ ਕੀਤੀ ਜਾਂਦੀ ਹੈ, ਤਾਂ ਇਹ ਭਾਰਤ ਦੀ ਮੈਡੀਕਲ ਦਾਖਲਾ ਪ੍ਰਣਾਲੀ ਨੂੰ ਹੋਰ ਮਜ਼ਬੂਤ ਅਤੇ ਨਿਰਪੱਖ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਸਾਬਤ ਹੋ ਸਕਦੀ ਹੈ।







WHOLE HOME SOLAR & BATTERY
STARTING AT $25,000
For a standard 5kW Solar & 14kWh Battery system
Roof or main panel upgrades not included
Clear & Up-Front Pricing
High-Efficiency Components
Permits and Utility Approvals Included
Protect Existing NEM 2.0
(Via Non-Export Configuration)
CALL HARRY FOR A QUOTE | (925) 537-2732
Harkaran Singh (HIS Registration #167489 SP) AUTHORIZED REPRESENTATIVE FOR TSP SOLAR SALES AND SERVICES (DBA TSP ROOFING AND SOLAR)
CSLB Contractor License #1096233 • C-10 Electrical, C-39 Roofing, B-General Building
Pricing & offer details vary by location & applicant.


Pal Films
Production
All Your Photo/Videography &
Post Production needs Under One Roof
PF
RED PRO 5.0
RED
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
(925) 489-3400, (341) 356-1517
palfilms925@gmail.com
www.thepalfilms.com


Truck Parking Yard
ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ
• ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
• ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
• ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ
Truck Parking - Only $200 Monthly
Bobtail Parking - Only $100 Monthly
ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ।
ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ
Harbans Gill (209) 972-0013
1651 EAST Whitmore Ave, Ceres, CA 95307



ਬਰਜਿੰਦਰ ਕੌਰ ਬਿਸਰਾਓ
99889-01324

# ਖੋਖਲੀ ਵਿਚਾਰਧਾਰਾ ਦੀ ਨੀਂਹ 'ਤੇ ਉਸਰੇ ਰਿਸ਼ਤੇ

ਮਨੁੱਖ ਦਾ ਜੀਵਨ ਸਮਾਜਿਕ ਰਿਸ਼ਤਿਆਂ ਦੇ ਤਾਣੇ ਬਾਣੇ ਬੁਣਦਾ ਅਗਾਂਹ ਨੂੰ ਵਧਦਾ ਤੁਰਿਆ ਜਾਂਦਾ ਹੈ। ਰਿਸ਼ਤਿਆਂ ਤੋਂ ਬਿਨਾਂ ਮਨੁੱਖੀ ਜੀਵਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਮਨੁੱਖ ਜਨਮ ਸਮੇਂ ਤੋਂ ਹੀ ਰਿਸ਼ਤਿਆਂ ਨੂੰ ਨਾਲ਼ ਲੈਕੇ ਤੁਰਦਾ ਹੈ ਜਦ ਉਸ ਨੂੰ ਸਮਝ ਵੀ ਨਹੀਂ ਹੁੰਦੀ।ਉਹ ਮਾਂ, ਬਾਪ, ਭੈਣ, ਭਰਾ ਅਤੇ ਫਿਰ ਅੱਗੇ ਤੋਂ ਅੱਗੇ ਉਨ੍ਹਾਂ ਦੇ ਸਕੇ ਸਬੰਧੀ,ਭਾਵ ਰਿਸ਼ਤਿਆਂ ਦੀ ਇੱਕ ਗੋਦੜੀ ਵਿੱਚ ਲਿਪਟਿਆ ਹੋਇਆ ਆਪਣੀਆਂ ਅੱਖਾਂ ਖੋਲ੍ਹਦਾ ਹੈ। ਜਿਵੇਂ ਜਿਵੇਂ ਵੱਡਾ ਹੋਈ ਜਾਂਦਾ ਹੈ ਸਰੀਰਕ ਕਿਰਿਆਵਾਂ ਦੇ ਨਾਲ ਨਾਲ ਰਿਸ਼ਤਿਆਂ ਦੀਆਂ ਪੇਚੀਦਗੀਆਂ ਵੀ ਸਮਝਣ ਲੱਗ ਜਾਂਦਾ ਹੈ। ਖ਼ੂਨ ਦੇ ਰਿਸ਼ਤੇ-ਸਕੇ, ਅਗਾਂਹ ਉਹਨਾਂ ਦੇ ਰਿਸ਼ਤੇਦਾਰ-ਸਬੰਧੀ ਅਤੇ ਸਮਾਜ ਵਿੱਚ ਵਿਚਰਦਿਆਂ ਆਲੇ ਦੁਆਲੇ ਦੇ ਲੋਕਾਂ ਨਾਲ ਬਣੇ ਰਿਸ਼ਤੇ- ਸਮਾਜਿਕ ਰਿਸ਼ਤੇ ਹੁੰਦੇ ਹਨ ।ਸਾਰੇ ਰਿਸ਼ਤੇ ਹੀ ਬਹੁਤ ਸਤਿਕਾਰਯੋਗ ਹੁੰਦੇ ਹਨ, ਜਿਹਨਾਂ ਦੀ ਮਨੁੱਖੀ ਜੀਵਨ ਵਿੱਚ ਬਹੁਤ ਅਹਿਮੀਅਤ ਹੁੰਦੀ ਹੈ।

ਜ਼ਮਾਨੇ ਦੇ ਬਦਲਣ ਨਾਲ ਰਿਸ਼ਤਿਆਂ ਵਿਚਲੀ ਪਾਕੀਜ਼ਗੀ ਵਿੱਚ ਬਹੁਤ ਤੇਜ਼ੀ ਨਾਲ ਗਿਰਾਵਟ ਆਈ ਹੈ। ਇੱਕ ਜਾਂ ਦੋ ਪੀੜ੍ਹੀਆਂ ਪਿੱਛੇ ਝਾਤੀ ਮਾਰੀਏ ਤਾਂ ਲੋਕਾਂ ਅੰਦਰ ਵਸਤੂਆਂ ਨਾਲੋਂ ਵੱਧ ਰਿਸ਼ਤਿਆਂ ਦੀ ਖਿੱਚ ਅਤੇ ਕਦਰ ਹੁੰਦੀ ਸੀ। ਜਦੋਂ ਦਾ ਮਨੁੱਖ ਪਦਾਰਥਵਾਦੀ ਫਲਸਫੇ ਨਾਲ ਅੱਗੇ ਵਧਣ ਲੱਗਿਆ ਹੈ ਉਦੋਂ ਤੋਂ ਜ਼ਿੰਦਗੀ ਵਿੱਚ ਰਿਸ਼ਤਿਆਂ ਦੀ ਅਹਿਮੀਅਤ ਘਟ ਗਈ ਹੈ ਅਤੇ ਆਪਣੇ ਆਲੇ ਦੁਆਲੇ ਵਸਤਾਂ ਇਕੱਠੀਆਂ ਕਰਨ ਦੀ ਜ਼ਿਆਦਾ ਹੋੜ ਲੱਗ ਗਈ ਹੈ। ਪਦਾਰਥਕ ਸੋਚ ਤੋਂ ਵੀ ਵੱਧ ਮਨੁੱਖੀ ਰਿਸ਼ਤਿਆਂ ਦਾ ਘਾਣ ਕਰਨ ਵਾਲੀ ਜਿਹੜੀ ਗੱਲ ਸਾਹਮਣੇ ਆ ਰਹੀ ਹੈ ਉਹ ਹੈ ਵਿਸ਼ਵੀਕਰਨ। ਵਿਸ਼ਵੀਕਰਨ ਹੋਣ ਕਰਕੇ ਜਿੱਥੇ ਇੱਕ ਪਾਸੇ ਤਰੱਕੀ ਦੇ ਰਾਹ ਖੁੱਲ੍ਹ ਰਹੇ ਹਨ ਉੱਥੇ ਦੂਜੇ ਪਾਸੇ ਸਾਡੇ ਭਾਰਤ ਦੇ ਵਿਰਸੇ, ਮਨੁੱਖੀ ਸੋਚ, ਜੀਵਨਸ਼ੈਲੀ ਅਤੇ ਰਿਸ਼ਤਿਆਂ ਵਿਚਲੀ ਸਾਂਝ ਉੱਪਰ ਗਹਿਰੀ ਸੱਟ ਵੱਜ ਰਹੀ ਹੈ ਖਾਸ ਕਰਕੇ ਸਾਡੇ ਪੰਜਾਬੀ ਸੱਭਿਆਚਾਰ ਉੱਪਰ ਇਸ ਦਾ ਗਹਿਰਾ ਪ੍ਰਭਾਵ ਪੈ ਰਿਹਾ ਹੈ।

ਇੱਕ ਸਮਾਂ ਇਹੋ ਜਿਹਾ ਵੀ ਸੀ ਜਦੋਂ ਵਿਆਹ ਕਰਕੇ ਬਣਾਏ ਗਏ ਰਿਸ਼ਤੇ ਦੋ ਧਿਰਾਂ ਨੂੰ ਸਤਿਕਾਰ ਸਹਿਤ ਜੋੜ ਕੇ ਦੋਵੇਂ ਖ਼ਾਨਦਾਨਾਂ ਵਿੱਚ ਜਿੱਥੇ ਇੱਕ ਰੰਗਲਾ ਮਾਹੌਲ ਪੈਦਾ ਕਰਦੇ ਸਨ ਉੱਥੇ ਆਲ਼ੇ ਦੁਆਲ਼ੇ ਵਿੱਚ ਵੀ ਖ਼ੁਸ਼ੀਆਂ ਭਰਿਆ ਮਾਹੌਲ ਸਿਰਜਦੇ ਸਨ। ਜੋ ਕਾਫ਼ੀ ਸਮੇਂ ਤੱਕ ਯਾਦਾਂ ਦਾ ਹਿੱਸਾ ਬਣਾ ਕੇ ਘਰਾਂ ਅੰਦਰ ਖ਼ੁਸ਼ੀਆਂ ਪੈਦਾ ਕਰਦਾ ਰਹਿੰਦਾ ਸੀ। ਜਦੋਂ ਇੱਕ ਵਿਆਹ ਦੀਆਂ ਯਾਦਾਂ ਥੋੜ੍ਹਾ ਜਿਹਾ ਫਿੱਕੀਆਂ ਪੈਣ ਲੱਗਣੀਆਂ, ਉਦੋਂ ਤੱਕ ਖਾਨਦਾਨ ਦੇ ਕਿਸੇ ਹੋਰ ਛੋਟੇ ਕੁੜੀ ਜਾਂ ਮੁੰਡੇ ਦਾ ਵਿਆਹ ਆ ਜਾਣਾ,ਇਸ ਤਰ੍ਹਾਂ ਜ਼ਿੰਦਗੀ ਨੂੰ ਜਿਊਣ ਲਈ ਰੰਗਲੇ ਮੌਕੇ ਮਿਲਦੇ ਜਾਂਦੇ ਤੇ ਪਰਿਵਾਰਾਂ ਵਿੱਚ ਖੁਸ਼ੀਆਂ ਦੀ ਲੜੀ ਜੁੜਦੀ ਜਾਂਦੀ।

ਹੁਣ ਜੁਗ ਬਦਲ ਰਿਹਾ ਹੈ। ਸਾਡੀਆਂ ਖੁਸ਼ੀਆਂ ਦੇ ਟਿਕਾਣੇ ਵਿਦੇਸ਼ਾਂ ਵਿੱਚ ਜਾ ਵਸੇ ਹਨ। ਸਾਡੇ ਸੱਭਿਆਚਾਰ ਦੀ ਰੀੜ੍ਹ ਦੀ ਹੱਡੀ ਨੂੰ ਸੋਸ਼ਲ ਮੀਡੀਆ ਦਾ ਕੀੜਾ ਲੱਗਣ ਲੱਗ ਪਿਆ ਹੈ ਜੋ ਇਸ ਨੂੰ ਦਿਨ-ਬ-ਦਿਨ ਖੋਖਲਾ ਕਰਦਾ ਤੁਰਿਆ ਜਾਂਦਾ ਹੈ। ਇਸ ਰਾਹੀਂ ਪਿਆਰ ਦੀਆਂ ਪੀਂਘਾਂ ਚੜ੍ਹਾਈਆਂ ਜਾਂਦੀਆਂ ਹਨ, ਉਹ ਦੋ ਪਿਆਰ ਕਰਨ ਵਾਲਿਆਂ ਵਿੱਚੋਂ ਇੱਕ ਐਥੇ ਤੇ ਦੂਜਾ ਵਿਦੇਸ਼ ਵਿੱਚ ਹੁੰਦਾ ਹੈ। ਦੋਵੇਂ ਪਾਸੇ ਇੱਕ ਮਤਲਬੀ ਵਿਚਾਰਧਾਰਾ ਕੰਮ ਕਰ ਰਹੀ ਹੁੰਦੀ ਹੈ। ਵਿਦੇਸ਼ ਵਾਲੇ ਨੂੰ ਫੀਸਾਂ ਭਰਨ ਲਈ ਪੈਸੇ ਦੀ ਲੋੜ ਤੇ ਐਥੇ ਵਾਲੇ ਨੂੰ ਬਾਹਰ ਨਿਕਲਣ ਦਾ ਰਸਤਾ। ਦੋਹਾਂ ਪਾਸੇ ਸਵਾਰਥ ਭਾਰੂ ਹੁੰਦਾ ਹੈ।ਜਿਸ ਦਾ ਸਵਾਰਥ ਪਹਿਲਾਂ ਨਿਕਲ ਗਿਆ ਉਹ ਜੇਤੂ ਰਹਿੰਦਾ ਹੈ, ਉਹ ਇਸ ਖੋਖਲੀ ਵਿਚਾਰਧਾਰਾ ਦੀ ਨੀਂਹ ਤੇ ਉਸਾਰੇ ਰਿਸ਼ਤੇ ਨੂੰ ਲੱਤ ਮਾਰ ਕੇ ਅਗਾਂਹ ਤੁਰਦਾ ਹੈ ਦੂਜੀ ਧਿਰ ਰੋਂਦੀ ਪਿੱਟਦੀ ਸਰਕਾਰੇ ਦਰਬਾਰੇ ਇਨਸਾਫ਼ ਲਈ ਪਹੁੰਚ ਕਰਦੀ ਤੁਰੀ ਫਿਰਦੀ ਹੈ।

ਵਿਆਹ ਵਾਲੇ ਰਿਸ਼ਤਿਆਂ ਵਿੱਚ ਸਾਡੇ ਪੰਜਾਬੀ ਸਮਾਜ ਵਿੱਚ ਮੁੰਡੇ ਨੂੰ ਬਾਹਰ ਭੇਜਣ ਲਈ ਬੋਲੀ ਲੱਗਣ ਲੱਗ ਪਈ ਹੈ।ਕੁੜੀ ਆਈਲੈਟਸ ਪਾਸ ਲੱਭੀ ਜਾਂਦੀ ਹੈ ਜਿਸ ਵਿੱਚ ਕੁੜੀ ਨੂੰ ਬਾਹਰ ਭੇਜਣ,ਉਸ ਨੂੰ ਉੱਥੇ ਦੀ ਪੜ੍ਹਾਈ ਦਾ ਖਰਚਾ ਮੁੰਡੇ ਵਾਲਿਆਂ ਵੱਲੋਂ ਕਰਨ ਦਾ ਸਮਝੌਤਾ ਕੀਤਾ ਜਾਂਦਾ ਹੈ।ਇਹ ਮੁੰਡੇ ਵਾਲਿਆਂ ਦੀ ਕਿਸਮਤ ਤੇ ਨਿਰਭਰ ਕਰਦਾ ਹੈ ਕਿ ਉਹ ਕੁੜੀ ਖ਼ਰਚਾ ਕਰਵਾ ਕੇ ਮੁੰਡੇ ਨੂੰ ਬੁਲਾਉਂਦੀ ਹੈ ਜਾਂ "ਬੁਆਏਫਰੈਂਡ" ਨਾਲ ਮਿਲ਼ ਕੇ ਸਾਰਿਆਂ ਨੂੰ ਉੱਲੂ ਬਣਾ ਕੇ ਤਿੱਤਰ ਹੋ ਜਾਂਦੀ ਹੈ। ਅੱਜ ਕੱਲ੍ਹ ਤੀਜੀ ਕਿਸਮ ਦੇ ਵਿਆਹ ਹੋ ਰਹੇ ਹਨ ਜਿਸ ਵਿੱਚ ਕੁੜੀ ਵਾਲਿਆਂ ਨੇ ਕੁੜੀ ਨੂੰ ਪੜ੍ਹਾ ਦਿੱਤਾ ਹੁੰਦਾ ਹੈ,ਮੁੰਡੇ ਵਾਲਿਆਂ ਨੇ ਵਿਆਹ ਦਾ ਖ਼ਰਚਾ,ਕੁੜੀ ਨੂੰ ਆਈਲੈਟਸ ਕਰਵਾਉਣ ਦਾ ਖ਼ਰਚ ਤੇ ਬਾਹਰ ਭੇਜਣ ਦੀ ਜ਼ਿੰਮੇਵਾਰੀ ਨਿਭਾਉਣੀ ਹੁੰਦੀ ਹੈ।

ਇਹੋ ਜਿਹੀਆਂ ਸਵਾਰਥ ਦੀਆਂ ਨੀਹਾਂ ਤੇ ਖੜ੍ਹੇ ਰਿਸ਼ਤਿਆਂ ਦੀ ਬੁਨਿਆਦ ਕੀ ਹੋ ਸਕਦੀ ਹੈ? ਪਹਿਲਾਂ ਸਾਡੇ ਵਿਰਸੇ ਦਾ ਘਾਣ ਹੋਇਆ, ਹੁਣ ਸਾਡੇ ਰਿਸ਼ਤਿਆਂ ਦਾ ਘਾਣ ਹੋ ਰਿਹਾ ਹੈ।ਕੀ ਗੱਲ, ਮੁੰਡੇ ਆਈਲੈਟਸ ਕਿਉਂ ਨਹੀਂ ਕਰ ਸਕਦੇ?ਉਹ ਬਾਹਰ ਨਿਕਲਣ ਲਈ ਕੁੜੀਆਂ ਦਾ ਸਹਾਰਾ ਹੀ ਕਿਉਂ ਲੱਭਦੇ ਹਨ? ਮੰਨਿਆ ਕਿ ਸਾਡੇ ਦੇਸ਼ ਵਿੱਚ ਰੋਜ਼ਗਾਰ ਦੇ ਮੌਕੇ ਘੱਟ ਹੋਣ ਕਰਕੇ ਨੌਜਵਾਨੀ ਨੇ ਵਿਦੇਸ਼ਾਂ ਵੱਲ ਨੂੰ ਰੁਖ ਕੀਤਾ ਪਰ ਇਹ "ਵਿਆਹ ਸਭਿਆਚਾਰ" ਸਾਡੀ ਨੌਜਵਾਨ ਪੀੜ੍ਹੀ ਨੂੰ ਕਿਹੜੇ ਨਰਕ ਵੱਲ ਧਕੇਲ ਰਿਹਾ ਹੈ? ਇਸ ਵਿੱਚ ਇਕੱਲੇ ਮੁੰਡੇ ਕੁੜੀਆਂ ਹੀ ਜ਼ਿੰਮੇਵਾਰ ਨਹੀਂ ਹਨ ਬਲਕਿ ਉਹਨਾਂ ਦੇ ਮਾਪੇ ਉਹਨਾਂ ਤੋਂ ਵੱਧ ਕਸੂਰਵਾਰ ਹਨ।ਕਈ ਵਾਰ ਤਾਂ ਆਂਢ ਗੁਆਂਢ ਵੀ ਨਾਲਦਿਆਂ ਦੇ ਵਿਹੜੇ ਵਿੱਚ ਛਮ ਛਮ ਕਰਦੀ ਕੋਈ ਨਵੀਂ ਨਵੇਲੀ ਵਿਆਹੀ ਕੁੜੀ ਦੇਖ ਕੇ ਜਾਂ ਉਸ ਘਰੋਂ ਮੂੰਹ ਮਿੱਠਾ ਕਰਵਾਉਣ ਦੀ ਰਿਵਾਇਤ ਅਨੁਸਾਰ ਚਾਰ ਲੱਡੂ ਆਉਣ ਤੋਂ ਬਾਅਦ ਹੀ ਪਤਾ ਲੱਗਦਾ ਹੈ ਕਿ ਗੁਆਂਢੀਆਂ ਨੇ ਮੁੰਡਾ ਬਾਹਰਲੀ ਕੁੜੀ ਨਾਲ ਵਿਆਹ ਲਿਆ ਹੈ। ਇਸ ਨੂੰ ਕੀ ਆਖੀਏ ,"ਜੁਗ ਬਦਲ ਰਿਹਾ ਹੈ ਜਾਂ ਪੰਜਾਬੀ ਅਮੀਰ ਵਿਰਸੇ ਦੇ ਪਾਕ ਰਿਸ਼ਤਿਆਂ ਦਾ ਘਾਣ ਹੋ ਰਿਹਾ ਹੈ।" ਸਾਡੇ ਇਸ ਬਦਲ ਰਹੇ"ਵਿਆਹ ਕਲਚਰ" ਨੂੰ ਛੇਤੀ ਹੀ ਸੰਭਾਲਣ ਦੀ ਲੋੜ ਹੈ ਨਹੀਂ ਤਾਂ ਇਹੋ ਜਿਹੇ ਕੀਤੇ ਵਿਆਹਾਂ ਨਾਲ਼ ਆਏ ਦਿਨ ਧੋਖੇ ਧੜੇ ਦੀਆਂ ਘਟਨਾਵਾਂ ਵਿੱਚ ਵਾਧਾ ਹੋ ਰਿਹਾ ਹੈ। ਜਿਸ ਦਾ ਸੰਤਾਪ ਨੌਜਵਾਨ ਮੁੰਡਿਆਂ ਅਤੇ ਉਹਨਾਂ ਦੇ ਮਾਪਿਆਂ ਨੂੰ ਭੁਗਤਣਾ ਪੈਂਦਾ ਹੈ।




Arrested ?
DUI ?
Drug Charges ?
Gun Violation ?
Ghuman Law Group
Get the Legal Defence you Deserve.
Why Choose Us?
Trusted Legal Experts
Personalized Strategies
Proven Track Record
Criminal Defence Law
• DUI / DWI Defense
• Drug Charges
• Domestic Violence Defense
• Assault & Battery Defense
• Theft / Fraud / Financial Crimes
• Probation Violations
Contact Us
info@ghumanlawgroup.com
ghumanlawgroup.org
+1 228-200-0001

WE HAVE THE CHEAPEST FARES TO INDIA

# LEGEND TRAVEL



JATINDER SINGH

arc accredited agency

CST # 207524-40

Special Fares To India From West-coast (us) On Air India Direct Flights




LOWEST AIRFARES FROM USA TO INDIA

★Travel Insurance ★ Great last Minute Deals ★ Offices in India

ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।

CALL US

(510) 797-9010

USA OFFICE: 2450 PERALTA BLVD., STE 106-108, FREMONT CA 94536 PH.: 510-797-9010

Website: www.legendamerica.net

Emirates | CATHAY PACIFIC | ASIANA AIRLINES | JET AIRWAYS | CHINA AIRLINES | BRITISH AIRWAYS | SINGAPORE AIRLINES | Lufthansa | ANA

# JK TYRE INC

JK TYRE
TOTAL CONTROL

**KTD10-LEAO**
Radial Truck Tire (Long Haul)



295/75R22.5
$2600

With Installation
Singh: 510-766-9382

**JK JETSTEEL JDH**

SPECIAL OFFER !!



DRIVE TIRE
11R22.5-

With Installation
Singh: 510-766-9382

**Firestone FS591**

SPECIAL OFFER !!

STEER TIRE
295/75R22.5

With Installation
Singh: 510-766-9382



11R22.5

With Installation
Singh: 510-766-9382

**Sizes available in drive & trailer**

295/75/22.5
11r/22.5
11r/24.5
255/70/22.5
315/80/22.5
425/65/22.5

**JETWAY JTH 1**

SPECIAL OFFER !!



TRAILER TIRE
11R22.5-
11R24.5-

With Installation
Singh: 510-766-9382

**JETWAY JTH SD**

SPECIAL OFFER !!



TRAILER TIRE
295/75R22.5-

With Installation
Singh: 510-766-9382

**JK JETSTEEL JDL2**

SPECIAL OFFER !!



DRIVE TIRE
11R22.5-
11R24.5-
295/75R22.5-

With Installation
Singh: 510-766-9382



FALKEN TIRES · GOODYEAR · KELLY TIRES · BARKLEY Feel the Difference · PIRELLI · MICHELIN A better way forward · BRIDGESTONE · Firestone · YOKOHAMA · PEARLY · NAMA · TOYO TIRES driven to perform · Continental · DUNLOP TIRES

## S. Singh Cell: (510) 766-9382

2955 N. Wilson Way Stockton , CA 95205

# ਪਛਾਣੋ ਪੰਥ ਦੋਖੀਆਂ ਨੂੰ

ਕੌਣ ਪੰਥ ਦੀਆਂ ਉੱਡਾ ਰਿਹਾ ਧੱਜੀਆਂ,
ਕਦੇ ਇਹ ਤਾਂ ਸੋਚ ਵਿਚਾਰ ਸਿੱਖਾ।
ਖੋਰਾ ਕੌਣ ਲਾਉਂਦਾ,ਧਰਮ ਦੇ ਨਾਂ ਉੱਤੇ,
ਵਿੱਚ ਭੇਖ ਦੇ ਕਰੇ ਖੁਵਾਰ ਸਿੱਖਾ।
ਬਾਹਰੀ ਦੁਸ਼ਮਣਾਂ ਤੋਂ ਕੌਮ ਬੱਚ ਸਕਦੀ,
ਬੁਰੀ ਹੁੰਦੀ ਵਿਚਲੀ ਖਾਰ ਸਿੱਖਾ।
ਪਹਿਲੇ ਸਮਿਆਂ 'ਚ ਕਿੰਨੇ ਕਸ਼ਟ ਝੱਲੇ,
ਮਿਸਲਾਂ ਸੀ ਅੱਠ ਜਮਾਂ ਚਾਰ ਸਿੱਖਾ।
ਲਾਲ ਕਿਲੇ ਉੱਤੇ ਝੰਡੇ ਸੀ ਝੂੱਲਾ ਦਿੱਤੇ,
ਦਿੱਲੀ ਜਿੱਤੀ ਸੀ ਕਿੰਨੀ ਵਾਰ ਸਿੱਖਾ।
ਅੱਜ ਸਿੱਖਾਂ ਬਿਪਰਨ ਕੀ ਰੀਤ ਧਾਰੀ,
ਕਰ ਰਿਹਾ ਨੀਂ ਕੋਈ ਇਤਬਾਰ ਸਿੱਖਾ।
ਗੁਰੂ ਸਿੱਖ, ਸਿੱਖ ਗੁਰੂ ਹੈ ਦੋਵੇਂ ਇੱਕੋ,
ਫ਼ਰਕ ਨਹੀ ਕੋਈ ਵਿਚਕਾਰ ਸਿੱਖਾ।
ਗਿਆਨ ਵਿਹੂਣੇ, ਡਾਂਗ ਦੇ ਜੋਰ ਉੱਤੇ,
ਮੱਲੋ ਮੱਲੀ ਮੱਲਣ ਦਰਬਾਰ ਸਿੱਖਾ।
ਪਛਾਣੋਂ ਕੌਣ ਨੇ ਪੰਥ ਦੇ ਅਸਲ ਦੋਖੀ,
'ਪੱਤੋ' ਰਹੇ ਜੋ ਝੱਲ ਖਲਾਰ ਸਿੱਖਾ।
ਗੁਰੂ ਪੈਜ ਰੱਖੇ, ਪੰਥ ਆਪਣੇ ਦੀ,
ਗੱਲ ਹੋਈ ਪਈ ਬੱਸੋ ਬਾਹਰ ਸਿੱਖਾ।



ਹਰਪ੍ਰੀਤ ਪੱਤੋ
ਪਿੰਡ ਪੱਤੋ ਹੀਰਾ ਸਿੰਘ
ਮੋਗਾ
94658-21417

# ਮੈ 'ਤੇ ਮੇਰੀ ਨਾਨੀ

ਦੇਸੀ ਘਿਓ ਦੇ ਬਿਸਕੁਟ ਨਾਨੀ
ਲਿਆਈ ਪੀਪੇ ਵਿੱਚ ਪਾ ਕੇ,
ਕੋਲੇ ਝੋਲਾ ਬੂਟੀਆਂ ਵਾਲਾ ਰੱਖਿਆ
ਸੀ ਘਰੇ ਆ ਕੇ।
ਅੱਧੀ ਛੁੱਟੀ ਮੈ ਆਇਆ ਸਕੂਲੋਂ
ਹੋ ਗਿਆ ਸੀ ਦੁਆਲੇ,
ਬੇਟਾ ਨਾ ਕਰ ਬਹੁਤੀ ਕਾਹਲੀ ਮੰਮੀ
ਆਖੇ ਹਾਲੇ।
ਸਬਰ ਦਾ ਬੰਨ ਟੁੱਟਿਆ ਮੇਰਾ, ਮੈ
ਅੱਗੇ ਪਿੱਛੇ ਝਾਕਾਂ,
ਅੰਦਰ ਬੈਠੀ ਨਾਨੀ ਦੀਆਂ ਨਾ
ਸੁਣਦੀਆਂ ਮੈਨੂੰ ਹਾਕਾਂ।
ਆਜਾ ਬੰਟੀ ਆਜਾ ਮੇਰੇ ਕੋਲੇ ਮੈਂ
ਬਹੁਤ ਚੀਜੀਆਂ ਲਿਆਈ,
ਨਾਲੇ ਤੇਰੇ ਲਈ ਕੱਪੜੇ ਲਿਆਂਦੇ
ਬਾਹਲੀ ਲਿਆਂਦੀ ਮਠਿਆਈ।
ਬਸ ਫੇਰ ਕੀ ਸੀ ! ਮੈਨੂੰ ਹੋਰ ਚੰਗਾ
ਨਾ ਲੱਗੇ,
ਹੁਣ ਚੰਗੇ ਲੱਗਣੋ ਹੱਟ 'ਗੇ ਪਾਏ
ਪੁਰਾਣੇ ਝੱਗੇ।
ਸਕੂਲ ਜਾਣਾ ਮੈਂ ਸੀ ਭੁੱਲਿਆ, ਅੱਧੀ
ਛੁੱਟੀ ਆਇਆ,
ਦੂਜੇ ਦਿਨ ਵੀ ਨਾ ਗਿਆ ਸਕੂਲੇ
ਦਿੱਤਾ ਕੰਮ ਭੁਲਾਇਆ।
ਨਾਲੇ ਨਾਨੀ ਤੋਂ ਬਾਤਾਂ ਸੁਣਾਂ, ਨਾਲ
ਖਾਵਾਂ ਖਾਣਾ,
'ਪੱਤੋ' ਦਾ ਦਿਲ ਘਾਊ ਮਾਊ ਕਰਦਾ
ਜਦ ਨਾਨੀ ਆਖੇ ਮੈ ਜਾਣਾ।

LARRY T. NIERMEYER

Attorney at Law
OFFERING SERVICES IN
THE FOLLOWING AREAS
1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation


PHONE: (209) 574-9447
1420 F STREET ST_ 2ND FLOOR MODESTO, CA 95354
Email : ltniermeyer@aol.com

GHUMAN LAW GROUP INC.

# Ghuman Law Group

## ਤੁਹਾਡੇ ਲਈ ਲੈ ਕੇ ਆਏ ਨੇ AMERICA ਵਿੱਚ BUSINESS ਕਰਨ ਦਾ ਸੁਨਿਹਰੀ ਮੌਕਾ !

ਜੇਕਰ ਤੁਸੀਂ Canada, England, Australia, New Zealand, Europe ਜਾਂ ਕਿਸੇ ਹੋਰ ਦੇਸ਼ ਦੇ ਨਾਗਰਿਕ ਹੋ

**ਆਓ E-2 Investor Visa ਰਾਹੀਂ**

ਸਿਰਫ $25,000 ਦੀ ਘੱਟੋ-ਘੱਟ Investment

ਜੇ ਹੋਰ ਵੱਧ invest ਕਰਨਾ ਚਾਹੋ, ਉਹ ਵੀ ਸੰਭਵ






**GHUMAN LAW GROUP**

**ਤੁਹਾਡੀ ਕੰਪਨੀ ਸੈੱਟ ਕਰਵਾਉਣ 'ਚ ਪੂਰੀ ਮਦਦ ਕਰੇਗਾ**



**ਇਮੀਗਰੇਸ਼ਨ ਸਬੰਧੀ ਸਾਰਾ Paperwork ਅਸੀਂ ਕਰਾਂਗੇ**

**ਪਰਿਵਾਰ ਸਮੇਤ 🇺🇸 ਆਉਣ ਦਾ ਵਧੀਆ ਮੌਕਾ**



- 2 ਸਾਲ ਦਾ Work Permit
- Spouse ਨੂੰ ਮਿਲੇਗਾ Open Work Permit
- ਬੱਚਿਆਂ ਲਈ ਸਕੂਲ ਜਾਣ ਦੀ ਇਜਾਜ਼ਤ
- ਹਰ 2 ਸਾਲ ਬਾਅਦ Work Permit Renew ਕਰਵਾ ਸਕਦੇ ਹੋ

**ਜਿੰਨਾ ਚਾਹੋ, ਅਮਰੀਕਾ ਵਿੱਚ ਰਹਿ ਕੇ ਆਪਣਾ ਬਿਜ਼ਨਸ ਚਲਾ ਸਕਦੇ ਹੋ**

MON - FRI, 9:00 AM - 3:00 PM

+1 (223) 300-0001 | www.ghumanlawgroup.org

2450 VENTURE OAKS WAY, STE 225 SACRAMENTO, CA

Gillson TRUCKING INC

# NOW HIRING

## TRUCK DRIVERS CLASS A CDL



- ✓ Signing Bonus
- ✓ Top pay
- ✓ Mileage Pay
- ✓ Great Benefits
- ✓ Over the Road or Local Routes
- ✓ Reefers and Dry Van Operations
- ✓ No touch freight



### SKILLS

- ✓ Responsible truck driver.
- ✓ Experience with electronic equipment.
- ✓ Ability to travel regularly.
- ✓ Adaptivity and foresight to handle unexpected situations (traffic, weather conditions and roads, etc.)

### RESPONSIBILITIES

- ✓ Safely operating assigned vehicles.
- ✓ The Vehicles are maintained and serviced as needed.
- ✓ Report any vehicle defects for repair.
- ✓ Make safety a priority at all times.
- ✓ Comply with standard federal laws and with company. policies and procedures.

### PAY

- ✓ Average pay: $0.45-$0.60 cents/mile
- ✓ Weekly direct deposits
- ✓ Bonuses for clean inspections
- ✓ High mileage bonuses

### NEWER EQUIPMENT

FREIGHTLINER AND VOLVO 2020 AND PRESENT
RESET PAY AWAY FROM TERMINALS– STOCKTON,. CA AND DAYTON, OHIO

Flexible Home Time | Pet Friendly | Rider Policy

SCAN QR CODE FOR APPLY NOW

HEALTH BENEFITS | Health | Dental | Vision

1801 E Dr. Martin Luther King Jr. Blvd.
Stockton, CA 95205

925-400-9094 ext. 116, ext. 130 and ext. 144

info@teamgillson.com



GET IN TOUCH gillsontrucking company/gillsontrucking www.teamgillson.com

# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO · HOME · TRUCK · BUSINESS · LIFE · MEDICAL

## ਪਾਸਪੋਰਟ / ਵੀਜ਼ਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



**Office Ph.(916) 427-4321**

6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us




Capital
DRUG TESTING

# CAPITAL DRUG TESTING

## Drug and Alcohol Test

## DOT / NON DOT

PRE EMPLOYMENT - RANDOM
POST ACCIDENT - REASONABLE SUSPICION

Services: DOT Random Prog., FMCSA Clearinghouse, DOT Supervisor Training, SAP Classes Etc.

**Lab. Ph:(916) 680-9293**

6624 Florin Road
Sacramento CA, 95828
Email: capitaldrugtest@gmail.com
Website: www.capitaldrugtest.com




SERVPRO
OF TRACY
Cleaning. Restoration. Construction.
ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ
ਅਸੀਂ Insurance Companies ਦੇ National Account 'ਤੇ ਹਾਂ
ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ
Before
After
• ਪਾਣੀ ਨਾਲ ਨੁਕਸਾਨ ਦੀ ਮੁਰੰਮਤ
• ਕਾਰਪੇਟ ਅਤੇ ਫਰਨੀਚਰ ਸੁਕਾਉਣਾ
• ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
• Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ
Before
After
ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ
2275 N Mac Arthur Dr Tracy, CA 95376
CONTACT FOR MORE INFORMATION
DEEPINDER MAHAL
President
Office (209) 834-0200
Cell (408) 963-7702